Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 3 : # ਅੰਕ 253 | 24/12/2024 | www.samajweekly.com | samajweekly | @samajweekly | samajweekly

# ਅਹਿਮਦਾਬਾਦ ’ਚ ਡਾ. ਅੰਬੇਡਕਰ ਦੀ ਮੂਰਤੀ ਦੀ ਭੰਨ-ਤੋੜ

**ਅਹਿਮਦਾਬਾਦ।** ਗੁਜਰਾਤ ਦੇ ਅਹਿਮਦਾਬਾਦ ਸ਼ਹਿਰ ਵਿੱਚ ਅੱਜ ਤੜਕੇ ਅਣਪਛਾਤੇ ਵਿਅਕਤੀਆਂ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਦੀ ਭੰਨ-ਤੋੜ ਕੀਤੀ ਗਈ। ਸਥਾਨਕ ਲੋਕਾਂ ਵੱਲੋਂ ਇਸ ਘਟਨਾ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ। ਪੁਲੀਸ ਨੇ ਇਸ ਮਾਮਲੇ ਵਿਚ ਅਣਪਛਾਤੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਐੱਫਆਈਆਰ ਦਰਜ ਕਰਕੇ ਮੁਲਜ਼ਮਾਂ ਦੀ ਪਛਾਣ ਲਈ ਨੇੜਲੇ ਇਲਾਕਿਆਂ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਪੁਲੀਸ ਅਧਿਕਾਰੀ ਨੇ ਕਿਹਾ, ‘ਕੁਝ ਅਣਪਛਾਤੇ ਵਿਅਕਤੀਆਂ ਨੇ ਅਹਿਮਦਾਬਾਦ ਸ਼ਹਿਰ ਦੇ ਖੋਖਰਾ ਇਲਾਕੇ ਵਿੱਚ ਸ੍ਰੀ ਕੇਕੇ ਸ਼ਾਸਤਰੀ ਕਾਲਜ ਦੇ ਸਾਹਮਣੇ ਸਥਿਤ ਬਾਬਾ ਸਾਹਿਬ ਅੰਬੇਡਕਰ ਦੀ ਮੂਰਤੀ ਦੇ ਨੱਕ ਅਤੇ ਐਨਕਾਂ ਨੂੰ ਨੁਕਸਾਨ ਪਹੁੰਚਾਇਆ ਹੈ।’ ਉਨ੍ਹਾਂ ਦੱਸਿਆ ਕਿ ਇਹ ਘਟਨਾ ਅੱਜ ਸਵੇਰੇ 8 ਵਜੇ ਤੋਂ ਪਹਿਲਾਂ ਵਾਪਰੀ। ਇਸ ਸਬੰਧੀ ਬੀਐੱਨਐੱਸ ਦੀ ਧਾਰਾ 196 ਅਤੇ 298 ਤਹਿਤ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਸ ਦੌਰਾਨ ਗੁੱਸੇ ਵਿੱਚ ਆਏ ਸਥਾਨਕ ਲੋਕਾਂ ਨੇ ਮੂਰਤੀ ਦੇ ਨੇੜੇ ਪ੍ਰਦਰਸ਼ਨ ਕੀਤਾ ਅਤੇ ਭੰਨਤੋੜ ਕਰਨ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਕੀਤੀ। ਪੁਲੀਸ ਨੇ ਉਨ੍ਹਾਂ ਨੂੰ ਕਾਰਵਾਈ ਦਾ ਭਰੋਸਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਹ ਘਟਨਾ ਗੁਆਂਢੀ ਸੂਬੇ ਮਹਾਰਾਸ਼ਟਰ ਦੇ ਪਰਭਾਨੀ ਵਿੱਚ ਸੰਵਿਧਾਨ ਦੀ ਸ਼ੀਸ਼ੇ ਵਿਚ ਬੰਦ ਕਲਾਕ੍ਰਿਤੀ ਨੂੰ ਨੁਕਸਾਨ ਪਹੁੰਚਾਉਣ ਤੋਂ ਕੁਝ ਹਫ਼ਤੇ ਬਾਅਦ ਵਾਪਰੀ ਹੈ।




**ਅਹਿਮਦਾਬਾਦ ’ਚ ਮੂਰਤੀ ਦੀ ਭੰਨ-ਤੋੜ ਖ਼ਿਲਾਫ਼ ਭੀਮ ਸੈਨਾ ਦੇ ਮੈਂਬਰ ਤੇ ਆਮ ਲੋਕ ਪ੍ਰਦਰਸ਼ਨ ਕਰਦੇ ਹੋਏ।**

# ਖ਼ਾਲਿਸਤਾਨ ਜ਼ਿੰਦਾਬਾਦ ਫ਼ੋਰਸ ਦੇ ਤਿੰਨ ਮੈਂਬਰ ਮੁਕਾਬਲੇ ’ਚ ਹਲਾਕ

## ਗੁਰਦਾਸਪੁਰ ਦੇ ਥਾਣੇ ’ਤੇ ਹੋਏ ਗ੍ਰਨੇਡ ਹਮਲੇ ਵਿੱਚ ਸ਼ਾਮਲ ਸਨ ਤਿੰਨੋਂ

**ਪੀਲੀਭੀਤ/ਚੰਡੀਗੜ੍ਹ।** ਪੰਜਾਬ ਦੇ ਗੁਰਦਾਸਪੁਰ ਵਿੱਚ ਹੋਏ ਗ੍ਰਨੇਡ ਹਮਲੇ ਵਿੱਚ ਕਥਿਤ ਤੌਰ ’ਤੇ ਸ਼ਾਮਲ ਤਿੰਨ ਸ਼ੱਕੀ ਦਹਿਸ਼ਤਗਰਦ ਅੱਜ ਤੜਕੇ ਪੀਲੀਭੀਤ ਵਿੱਚ ਉੱਤਰ ਪ੍ਰਦੇਸ਼ ਤੇ ਪੰਜਾਬ ਪੁਲੀਸ ਦੀ ਸਾਂਝੀ ਟੀਮ ਨਾਲ ਹੋਏ ਮੁਕ-ਾਬਲੇ ਵਿੱਚ ਮਾਰੇ ਗਏ ਹਨ। ਇਸ ਨੂੰ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ (ਕੇਜ਼ੈੱਡਐੱਫ) ਮਾਡਿਊਲ ਖ਼ਿਲਾਫ਼ ਪੁਲੀਸ ਦੀ ਇੱਕ ਵੱਡੀ ਸਫਲਤਾ ਕਰਾਰ ਦਿੱਤਾ ਹੈ। ਪੰਜਾਬ ਪੁਲੀਸ ਨੇ ਦੱਸਿਆ ਕਿ ਮਾਰੇ ਗਏ ਦਹਿਸ਼ਤਗਰਦਾਂ ਦੀ ਪਛਾਣ ਗੁਰਵਿੰਦਰ ਸਿੰਘ (25), ਵਰਿੰਦਰ ਸਿੰਘ ਉਰਫ਼ ਰਵੀ (23) ਅਤੇ ਜਸ਼ਨਪ੍ਰੀਤ ਸਿੰਘ ਉਰਫ਼ ਪ੍ਰਤਾਪ ਸਿੰਘ (18) ਵਜੋਂ ਹੋਈ ਹੈ। ਇਹ ਸਾਰੇ ਹੀ ਪੰਜਾਬ ਦੇ ਗੁਰਦ-ਾਸਪੁਰ ਜ਼ਿਲ੍ਹੇ ਦੇ ਕਲਾਨੌਰ ਦੇ ਰਹਿਣ ਵਾਲੇ ਸਨ ਅਤੇ ਕਲਾਨੌਰ ਦੇ ਬਕਸ਼ੀਵਾਲਾ ਥਾਣੇ ’ਤੇ ਹੋਏ ਗ੍ਰਨੇਡ ਹਮਲੇ ’ਚ ਸ਼ਾਮਲ ਸਨ। ਬਾਅਦ ਵਿੱਚ ਕੇਜ਼ੈੱਡਐੱਫ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਸੀ। ਇਹ ਮੁਕਾਬਲਾ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਪੀਲੀਭੀਤ ਦੇ ਪੂਰਨਪੁਰ ਖੇਤਰ ਵਿੱਚ ਹੋਇਆ। ਉੱਤਰ ਪ੍ਰਦੇਸ਼ ਪੁਲੀਸ ਦੇ ਵਧੀਕ ਡਾਇਰੈਕਟਰ ਜਨਰਲ (ਕਾਨੂੰਨ ਅਤੇ ਵਿਵਸਥਾ) ਅਮਿਤਾਭ ਯਸ਼ ਨੇ ਕਿਹਾ ਕਿ ਇਹ ਤਿੰਨੋਂ ਗੁਰਦਾਸਪੁਰ ਜ਼ਿਲ੍ਹੇ ਵਿਚਲੀ ਇੱਕ ਪੁਲੀਸ ਚੌਕੀ ’ਤੇ ਹੋਏ ਗ੍ਰਨੇਡ ਹਮਲੇ ਵਿੱਚ ਸ਼ਾਮਲ ਸਨ। ਉਨ੍ਹਾਂ ਕਿਹਾ, ‘‘ਮੁਕਾਬਲੇ ਵਿੱਚ






ਤਿੰਨਾਂ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਨ੍ਹਾਂ ਨੂੰ ਤੁਰੰਤ ਇਲਾਜ ਲਈ ਸੀਐੱਚਸੀ ਪੂਰਨਪੁਰ ਲਿਜਾਇਆ ਗਿਆ, ਜਿੱਥੇ ਇਨ੍ਹਾਂ ਦੀ ਮੌਤ ਹੋ ਗਈ।’’ ਉਨ੍ਹਾਂ ਕੋਲੋਂ ਦੋ ਏਕੇ-47 ਰਾਈਫਲਾਂ, ਦੋ ਪਿਸਤੌਲਾਂ ਅਤੇ ਵੱਡੀ ਮਾਤਰਾ ਵਿੱਚ ਗੋਲਾ-ਬਾਰੂਦ ਬਰਾਮਦ ਹੋਇਆ ਹੈ।

ਪੰਜਾਬ ਪੁਲੀਸ ਮੁਖੀ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ ਉਤੇ ਪਾਈ ਪੋਸਟ ’ਚ ਕਿਹਾ, ‘ਪਾਕਿਸਤਾਨ ਦੀ ਸ਼ਹਿ







ਹਾਸਲ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ (ਕੇਜ਼ੈੱਡਐੱਫ) ਅਤਿਵਾਦੀ ਮਾਡਿਊਲ ਖਿਲਾਫ ਇੱਕ ਵੱਡੀ ਸਫਲਤਾ ਵਿੱਚ ਯੂਪੀ ਪੁਲੀਸ ਅਤੇ ਪੰਜਾਬ ਪੁਲੀਸ ਦੇ ਸਾਂਝੇ ਆਪ੍ਰੇਸ਼ਨ ਦੌਰਾਨ ਪੁਲੀਸ ਪਾਰਟੀ ’ਤੇ ਗੋਲੀਬਾਰੀ ਕਰਨ ਵਾਲੇ ਤਿੰਨ ਮਾਡਿਊਲ ਮੈਂਬਰਾਂ ਨਾਲ ਮੁਕਾਬਲਾ ਹੋਇਆ ਹੈ।’ ਉਨ੍ਹਾਂ ਕਿਹਾ ਕਿ ਇਹ ਅਤਿਵਾਦੀ ਮਾਡਿਊਲ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਪੁਲੀਸ ਟਿਕਾਣਿਆਂ ’ਤੇ ਹੋਏ ਗ੍ਰਨੇਡ ਹਮਲਿਆਂ ਵਿੱਚ ਸ਼ਾਮਲ ਸੀ। ਉਨ੍ਹਾਂ ਦੱਸਿਆ, ‘ਇਹ ਮੁਕਾਬਲਾ ਪੀਲੀਭੀਤ ਤੇ ਪੰਜਾਬ ਦੀਆਂ ਸਾਂਝੀਆਂ ਪੁਲੀਸ ਟੀਮਾਂ ਅਤੇ ਅਤਿਵਾਦੀਆਂ ਵਿਚਕਾਰ ਪੂਰਨਪੁਰ ਥਾਣਾ ਖੇਤਰ ਵਿੱਚ ਹੋਇਆ ਹੈ ਅਤੇ ਇਹ ਤਿੰਨ ਮਾਡਿਊਲ ਮੈਂਬਰ ਗੁਰਦਾਸਪੁਰ ਵਿੱਚ ਇੱਕ ਪੁਲੀਸ ਚੌਕੀ ’ਤੇ ਹੋਏ ਗ੍ਰਨੇਡ ਹਮਲੇ ਵਿੱਚ ਸ਼ਾਮਲ ਸਨ।’’ ਡੀਜੀਪੀ ਨੇ ਕਿਹਾ ਕਿ ਪੂਰੇ ਅਤਿਵਾਦੀ ਮਾਡਿਊਲ ਦਾ ਪਰਦਾਫਾਸ਼ ਕਰਨ ਲਈ ਜਾਂਚ ਜਾਰੀ ਹੈ।


# ਡੱਲੇਵਾਲ ਦਾ ਖਨੌਰੀ ਬਾਰਡਰ ’ਤੇ ਮਰਨ ਵਰਤ 28ਵੇਂ ਦਿਨ ਵੀ ਜਾਰੀ

**ਖਨੌਰੀ।** ਅੱਜ 28ਵੇਂ ਦਿਨ ਵੀ ਦਾ ਖਨੌਰੀ ਬਾਰਡਰ ਵਿਖੇ ਮਰਨ ਵਰਤ ਜਾਰੀ ਰਿਹਾ, ਡਾਕਟਰਾਂ ਨੇ ਮੈਡੀਕਲ ਬੁਲੇਟਿਨ ਜਾਰੀ ਕਰਦੇ ਹੋਏ ਕਿਹਾ ਕਿ ਜਗਜੀਤ ਸਿੰਘ ਡੱਲੇਵਾਲ ਦੇ ਸਰੀਰ ਨੂੰ ਜੋ ਹੁਣ ਨੁਕਸਾਨ ਹੋ ਰਿਹਾ ਹੈ ਉਸ ਦੀ ਭਰਪਾਈ ਨਹੀਂ ਹੋ ਪਾਵੇਗੀ। ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਕਿਸਾਨ ਦਿਵਸ ਹੈ ਜਿਸ ਦਿਨ ਸਾਡੇ ਦੇਸ਼ ਵਿੱਚ ਜੈ ਜਵਾਨ, ਜੈ ਕਿਸਾਨ ਦਾ ਨਾਅਰਾ ਦਿੱਤਾ ਗਿਆ ਸੀ ਅਤੇ ਉਸ ਤੋਂ ਬਾਅਦ ਕਿਸਾਨਾਂ ਨੇ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਬਣਾਉਣ ਲਈ ਦਿਨ-ਰਾਤ ਮਿਹਨਤ ਕੀਤੀ ਉਹਦੇ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਬਣਾਇਆ ਪਰ ਅੱਜ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ 28 ਦਿਨ ਪੂਰੇ ਹੋ ਗਏ ਹ ਨੇ ਜਿਸ ਦੇ ਬਾਵਜੂਦ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ ਅਤੇ ਕਿਸਾਨ ਦਿਵਸ ਦੇ ਮੌਕੇ ਸਰਕਾਰ ਵੱਲੋਂ ਕਿਸਾਨਾਂ ਦਾ ਇਸ ਤੋਂ ਵੱਡਾ ਅਪਮਾਨ ਕੋਈ ਨਹੀਂ ਹੋ ਸਕਦਾ। ਕਿਸਾਨ ਆਗੂਆਂ ਨੇ ਦੱਸਿਆ ਕਿ 30 ਦਸੰਬਰ ਦੇ ‘ਪੰਜਾਬ ਬੰਦ’ ਦੇ ਪ੍ਰੋਗਰਾਮ ਦੀ ਤਿਆਰੀ ਲਈ 26 ਦਸੰਬਰ ਨੂੰ ਖਨੌਰੀ ਵਿੱਚ ਸਮੂਹ ਟਰੇਡ ਯੂਨੀਅਨਾਂ, ਸਮਾਜਿਕ ਜਥੇਬੰਦੀਆਂ, ਧਾਰਮਿਕ ਜਥੇਬੰਦੀਆਂ, ਟੈਕਸੀ ਯੂਨੀਅਨਾਂ ਦੀ ਮੀਟਿੰਗ ਸੱਦੀ ਗਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ




30 ਦਸੰਬਰ ਦੇ ‘ਪੰਜਾਬ ਬੰਦ’ ਦੌਰਾਨ ਸਵੇਰੇ 7 ਵਜੇ ਤੋਂ ਸ਼ਾਮ 4 ਵਜੇ ਤੱਕ ਮੈਡੀਕਲ ਅਤੇ ਐਮਰਜੈਂਸੀ ਸੇਵਾਵਾਂ ਤੋਂ ਇਲਾਵਾ ਸਭ ਕੁੱਝ ਬੰਦ ਰਹੇਗਾ। ਅੱਜ ਸਿਰਸਾ ਤੋਂ ਕਿਸਾਨਾਂ ਦਾ ਇੱਕ ਜੱਥਾ ਖਨੌਰੀ ਬਾਰਡਰ ਲਈ ਪੈਦਲ ਰਵਾਨਾ ਹੋਇਆ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਸ਼ਾਮਲ ਹਨ। ਅੱਜ ਤੜਕੇ 3 ਵਜੇ ਤੋਂ ਕਿਸਾਨਾਂ ਮੋਰਚੇ ਉੱਪਰ ਲਗਾਤਾਰ ਮੀਂਹ ਪੈ ਰਿਹਾ ਹੈ, ਜਿਸ ਕਾਰਨ ਠੰਡ ਕਾਫੀ ਵੱਧ ਗਈ ਹੈ ਅਤੇ ਟਰਾਲੀਆਂ 'ਚ ਪਾਣੀ ਟਪਕ ਰਿਹਾ ਹੈ ਪਰ ਇਸ ਦੇ ਬਾਵਜੂਦ ਕਿਸਾਨ ਮਜਬੂਤ ਨਾਲ ਮੋਰਚੇ ਵਿੱਚ ਡਟੇ ਹੋਏ ਹਨ ਅਤੇ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰ ਹਨ। ਭਲਕੇ 24 ਦਸੰਬਰ ਨੂੰ ਸ਼ਾਮ 5.30 ਵਜੇ ਜਗਜੀਤ ਸਿੰਘ ਡੱਲੇਵਾਲ ਜੀ ਦੇ ਮਰਨ ਵਰਤ ਦੇ ਸਮਰਥਨ ਵਿੱਚ ਦੇਸ਼ ਭਰ ਵਿੱਚ ਕੈਂਡਲ ਮਾਰਚ ਕੱਢਿਆ ਜਾਵੇਗਾ ਅਤੇ 26 ਦਸੰਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਧਰਨੇ ਦਿੱਤੇ ਜਾਣਗੇ ਅਤੇ ਸੰਕੇਤਿਕ ਭੁੱਖ ਹੜਤਾਲ ਕੀਤੀ ਜਾਵੇਗੀ।

## ਮਸ਼ਹੂਰ ਫਿਲਮ ਨਿਰਮਾਤਾ ਸ਼ਿਆਮ ਬੈਨੇਗਲ ਦਾ ਦੇਹਾਂਤ



**ਮੁੰਬਈ।** ਮਸ਼ਹੂਰ ਫਿਲਮ ਨਿਰਮਾਤਾ ਸ਼ਿਆਮ ਬੈਨੇਗਲ ਦਾ ਅੱਜ ਦੇਹਾਂਤ ਹੋ ਗਿਆ। ਉਹ 90 ਸਾਲ ਦੇ ਸਨ। ਬੈਨੇਗਲ ਦੀ ਧੀ ਪੀਆ ਨੇ ਇਹ ਜਾਣਕਾਰੀ ਦਿੱਤੀ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੈਨੇਗਲ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। 1970 ਤੇ 1980 ਦੇ ਦਹਾਕੇ ਵਿੱਚ ‘ਅੰਕੁਰ’, ‘ਨਿਸ਼ਾਂਤ’ ਅਤੇ ‘ਮੰਥਨ’ ਵਰਗੀਆਂ ਫਿਲਮਾਂ ਰਾਹੀਂ ਭਾਰਤੀ ਸਿਨੇਮਾ ਵਿੱਚ ਸਮਾਨਾਂਤਰ ਸਿਨੇਮਾ ਦੀ ਸ਼ੁਰੂਆਤ ਕਰਨ ਦਾ ਸਿਹਰਾ ਬੈਨੇਗਲ ਦੇ ਸਿਰ 'ਤੇ ਸੱਜਦਾ ਹੈ। ਪੀਆ ਬੈਨੇਗਲ ਨੇ ਪੀਟੀਆਈ ਨੂੰ ਦੱਸਿਆ ਕਿ ਉਨ੍ਹਾਂ ਦੇ ਪਿਤਾ ਦਾ ਗੁਰਦੇ ਦੀ ਗੰਭੀਰ ਬਿਮਾਰੀ ਕਾਰਨ ਮੁੰਬਈ ਦੇ ਵਾਕਹਾਰਟ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ ਕਿਹਾ, “ਸ਼ਿਆਮ ਬੈਨੇਗਲ ਦਾ ਸ਼ਾਮ 6.38 ਵਜੇ ਵਾਕਹਾਰਟ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ ਕਈ ਸਾਲਾਂ ਤੋਂ ਗੁਰਦੇ ਦੀ ਬਿਮਾਰੀ ਤੋਂ ਪੀੜਤ ਸਨ।” ਵਾਕਹਾਰਟ ਹਸਪਤਾਲ ਦੇ ਸੂਤਰਾਂ ਨੇ ਦੱਸਿਆ ਕਿ ਬੈਨੇਗਲ ਆਈਸੀਯੂ ਵਿੱਚ ਦਾਖ਼ਲ ਸਨ। ਆਪਣੇ ਸ਼ਾਨਦਾਰ ਕਰੀਅਰ ਵਿੱਚ ਬੈਨੇਗਲ ਨੇ ਵੱਖ-ਵੱਖ ਮੁੱਦਿਆਂ 'ਤੇ ਫਿਲਮਾਂ, ਦਸਤਾਵੇਜ਼ੀ ਅਤੇ ਟੀਵੀ ਲੜੀਵਾਰ ਬਣਾਉਣ, ਜਿਨ੍ਹਾਂ ਵਿੱਚ ‘ਭਾਰਤ ਇਕ ਖੋਜ’ ਅਤੇ ‘ਸੰਵਿਧਾਨ’ ਸ਼ਾਮਲ ਹਨ। ਉਨ੍ਹਾਂ 14 ਦਸੰਬਰ ਨੂੰ ਹੀ ਆਪਣਾ 90ਵਾਂ ਜਨਮ ਦਿਨ ਮਨਾਇਆ ਸੀ। ਆਪਣੇ ਜਨਮ ਦਿਨ ਮੌਕੇ ਬੈਨੇਗਲ ਨੇ ਪੀਟੀਆਈ ਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਡਾਇਲਿਸਿਸ ਲਈ ਆਮ ਹੀ ਹਸਪਤਾਲ ਜਾਣਾ ਪੈਂਦਾ ਹੈ। ਬੈਨੇਗਲ ਦੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ ਨੀਰਾ ਬੈਨੇਗਲ ਤੇ ਧੀ ਹੈ। ‘ਭੂਮਿਕਾ’, ‘ਜਨੂੰਨ’, ‘ਮੰਡੀ’, ‘ਸੂਰਜ ਕਾ ਸਾਤਵਾਂ ਘੋੜਾ’, ‘ਮੰਮੋ’ ਅਤੇ ‘ਸਰਦਾਰੀ ਬੇਗਮ’ ਨੂੰ ਹਿੰਦੀ ਸਿਨੇਮਾ ਵਿੱਚ ਉਨ੍ਹਾਂ ਦੀਆਂ ਕਲਾਤਮਕ ਫਿਲਮਾਂ ਵਿੱਚ ਗਿਣਿਆ ਜਾਂਦਾ ਹੈ।

## ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਰਾਮਾਸੁਬਰਾਮਨੀਅਮ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਨਿਯੁਕਤ




**ਨਵੀਂ ਦਿੱਲੀ ।** ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਵੀ. ਰਾਮਾਸੁਬਰਾਮਣੀਅਮ ਨੂੰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (NHRC) ਦਾ ਨਵਾਂ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ। ਕਮਿਸ਼ਨ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿਤੀ। ਜਸਟਿਸ (ਸੇਵਾਮੁਕਤ) ਅਰੁਣ ਕੁਮਾਰ ਮਿਸ਼ਰਾ ਦਾ ਕਾਰਜਕਾਲ 1 ਜੂਨ ਨੂੰ ਖਤਮ ਹੋਣ ਤੋਂ ਬਾਅਦ NHRC ਦੇ ਚੇਅਰਪਰਸਨ ਦਾ ਅਹੁਦਾ ਖਾਲੀ ਪਿਆ ਸੀ। ਮਿਸ਼ਰਾ ਨੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਅੱਠਵੇਂ ਚੇਅਰਮੈਨ ਵਜੋਂ ਸੇਵਾ ਨਿਭਾਈ। ਉਨ੍ਹਾਂ ਨੂੰ ਜੂਨ 2021 'ਚ ਇਸ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਸੀ।

ਸੂਤਰਾਂ ਨੇ ਪਹਿਲਾਂ ਕਿਹਾ ਸੀ ਕਿ 18 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਇਕ ਉੱਚ ਤਾਕਤੀ ਕਮੇਟੀ ਨੇ NHRC ਦੇ ਅਗਲੇ ਚੇਅਰਪਰਸਨ ਦੀ ਚੋਣ ਕਰਨ ਲਈ ਬੈਠਕ ਕੀਤੀ ਸੀ। ਚੋਣ ਕਮੇਟੀ ਦੀ ਸਿਫਾਰਸ਼ 'ਤੇ ਭਾਰਤ ਦੇ ਸਾਬਕਾ ਚੀਫ ਜਸਟਿਸ ਜਾਂ ਸੁਪਰੀਮ ਕੋਰਟ ਦੇ ਸੇਵਾ-ਮੁਕਤ ਜੱਜ ਨੂੰ ਰਾਸ਼ਟਰਪਤੀ NHRC ਦਾ ਚੇਅਰਪਰਸਨ ਨਿਯੁਕਤ ਕਰਦੇ ਹਨ।

ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ (ਸੇਵਾਮੁਕਤ) ਰਾਮਾਸੁਬਰਾਮਣੀਅਮ ਨੂੰ NHRC ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ। NHRC ਨੂੰ ਅੱਜ ਨਿਯੁਕਤੀ ਬਾਰੇ ਜਾਣਕਾਰੀ ਮਿਲੀ। ਸਾਬਕਾ ਸੀ.ਜੇ.ਆਈ. ਐਚ.ਐਲ. ਦੱਤੂ ਅਤੇ ਸਾਬਕਾ ਸੀ.ਜੇ.ਆਈ. ਕੇ.ਜੀ. ਬਾਲਾਕ੍ਰਿਸ਼ਨਨ ਉਨ੍ਹਾਂ ਲੋਕਾਂ 'ਚ ਸ਼ਾਮਲ ਹਨ ਜਿਨ੍ਹਾਂ ਨੇ ਪਿਛਲੇ ਸਮੇਂ 'ਚ NHRC ਦੀ ਅਗਵਾਈ ਕੀਤੀ ਹੈ। NHRC ਨੇ ਕਿਹਾ ਕਿ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਨੇ ਜਸਟਿਸ ਵੀ. ਰਾਮਾਸੁਬਰਾਮਣੀਅਮ (ਸੇਵਾ-ਮੁਕਤ) ਨੂੰ ਚੇਅਰਪਰਸਨ ਅਤੇ ਪ੍ਰਿਯੰਕ ਕਾਨੂੰਗੋ ਅਤੇ ਡਾ. ਬਿਦਯੁਤ ਰੰਜਨ ਸਾਰੰਗੀ (ਸੇਵਾਮੁਕਤ) ਨੂੰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (NHRC), ਭਾਰਤ ਦਾ ਮੈਂਬਰ ਨਿਯੁਕਤ ਕੀਤਾ ਹੈ। ਕਾਨੂੰਗੋ ਕੌਮੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਛਫਛ) ਦੀ ਸਾਬਕਾ ਚੇਅਰਪਰਸਨ ਹੈ। ਉਨ੍ਹਾਂ ਕਿਹਾ, “ਹੁਣ ੂਛ ਮੈਂਬਰ ਹੋਣ ਦੇ ਨਾਤੇ ਮੈਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਕੋਸ਼ਿਸ਼ ਕਰਾਂਗਾ।”

ਸੁਪਰੀਮ ਕੋਰਟ ਦੇ ਸਾਬਕਾ ਜੱਜ ਮਿਸ਼ਰਾ 2019 'ਚ ਮਨੁੱਖੀ ਅਧਿਕਾਰ ਸੁਰੱਖਿਆ ਕਾਨੂੰਨ 'ਚ ਸੋਧ ਤੋਂ ਬਾਅਦ NHRC ਮੁਖੀ ਨਿਯੁਕਤ ਹੋਣ ਵਾਲੇ ਪਹਿਲੇ ਗੈਰ-ਚੀਫ ਜਸਟਿਸ ਵੀ ਸਨ। ਉਨ੍ਹਾਂ ਨੇ ਭਾਰਤ ਦੇ ਸਾਬਕਾ ਚੀਫ ਜਸਟਿਸ ਐਚ.ਐਲ. ਦੱਤੂ ਦੀ ਥਾਂ ਲਈ। ਮਿਸ਼ਰਾ ਦਾ ਕਾਰਜਕਾਲ 2 ਜੂਨ ਨੂੰ ਖਤਮ ਹੋਣ ਤੋਂ ਬਾਅਦ NHRC ਮੈਂਬਰ ਵਿਜੇ ਭਾਰਤੀ ਸਯਾਨੀ ਇਸ ਦੇ ਕਾਰਜਕਾਰੀ ਪ੍ਰਧਾਨ ਬਣੇ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਕੇਂਦਰ ਵੱਲੋਂ 5ਵੀਂ ਅਤੇ 8ਵੀਂ ਦੇ ਵਿਦਿਆਰਥੀਆਂ ਨੂੰ ਫੇਲ੍ਹ ਨਾ ਕਰਨ ਦੀ ਨੀਤੀ ਖ਼ਤਮ

**ਨਵੀਂ ਦਿੱਲੀ।** ਕੇਂਦਰ ਸਰਕਾਰ ਨੇ ਆਪਣੇ ਅਧੀਨ ਸਕੂਲਾਂ ਵਿੱਚ 5ਵੀਂ ਅਤੇ 8ਵੀਂ ਜਮਾਤ ਲਈ ‘ਨੋ-ਡਿਟੈਂਸ਼ਨ ਨੀਤੀ’ (‘no-deteniton poilcy’) ਭਾਵ ਵਿਦਿਆਰਥੀਆਂ ਨੂੰ ਫੇਲ੍ਹ ਨਾ ਕਰਨ ਦੀ ਨੀਤੀ ਖਤਮ ਕਰ ਦਿੱਤੀ ਹੈ। ਇਸ ਨਾਲ ਹੁਣ ਇਨ੍ਹਾਂ ਜਮਾਤਾਂ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਫੇਲ੍ਹ ਕੀਤਾ ਜਾ ਸਕੇਗਾ, ਜਿਹੜੇ ਸਾਲਾਨਾ ਇਮਤਿਹਾਨਾਂ ਵਿਚ ਵਧੀਆ ਕਾਰਗੁਜ਼ਾਰੀ ਨਹੀਂ ਦਿਖਾਉਣਗੇ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ ਹੈ। ਦੱਸਣਯੋਗ ਹੈ ਕਿ 2019 ਵਿੱਚ ਸਿੱਖਿਆ ਅਧਿਕਾਰ ਐਕਟ (RTE) ਵਿੱਚ ਸੋਧ ਹੋਣ ਤੋਂ ਬਾਅਦ ਘੱਟੋ-ਘੱਟ 16 ਸੂਬਿਆਂ ਅਤੇ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਪਹਿਲਾਂ ਹੀ ਦੋਵਾਂ ਜਮਾਤਾਂ ਲਈ ‘ਨੋ-ਡਿਟੈਂਸ਼ਨ ਨੀਤੀ’ ਨੂੰ ਖਤਮ ਕਰ ਦਿੱਤਾ ਹੈ। ਇੱਕ ਗਜ਼ਟ ਨੋਟੀਫਿਕੇਸ਼ਨ ਵਿਚ ਕਿਹਾ ਗਿਆ



ਹੈ ਕਿ ਜੇ ਨਿਯਮਤ ਪ੍ਰੀਖਿਆਵਾਂ ਦੌਰਾਨ ਕੋਈ ਵਿਦਿਆਰਥੀ ਉਸ ਨੂੰ ਅਗਲੀ ਜਮਾਤ ਵਿਚ ਭੇਜੇ ਜਾਣ ਲਈ ਪਾਸ ਕਰਾਰ ਦਿੱਤੇ ਜਾਣ ਸਬੰਧੀ ਲੋੜੀਂਦੇ ਪੈਮਾਨੇ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿੰਦਾ ਹੈ, ਤਾਂ ਉਸ ਨੂੰ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਹੁਕਮਾਂ ਤਹਿਤ ਨਤੀਜਿਆਂ ਦੇ ਐਲਾਨ ਦੀ ਤਾਰੀਖ਼ ਤੋਂ ਦੋ ਮਹੀਨਿਆਂ ਦੇ ਅੰਦਰ ਵਾਧੂ ਜਮਾਤਾਂ ਲਾ ਕੇ/ਵੱਖਰੇ ਤੌਰ 'ਤੇ ਪੜ੍ਹਾਈ ਕਰਵਾ ਕੇ ਦੁਬਾਰਾ ਪ੍ਰੀਖਿਆ ਦੇਣ ਦਾ ਮੌਕਾ ਦਿੱਤਾ ਜਾਵੇਗਾ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਫੁੱਟਪਾਥ ’ਤੇ ਸੁੱਤਿਆਂ ਨੂੰ ਟਰੱਕ ਨੇ ਦਰੜਿਆ, 3 ਹਲਾਕ, 6 ਜ਼ਖ਼ਮੀ ਮ੍ਰਿਤਕਾਂ ਵਿੱਚ ਦੋ ਬੱਚੇ ਵੀ ਸ਼ਾਮਲ; ਪੁਲੀਸ ਵੱਲੋਂ ਟਰੱਕ ਡਰਾਈਵਰ ਗ੍ਰਿਫਤਾਰ



**ਪੁਣੇ।** ਮਹਾਰਾਸ਼ਟਰ ਦੇ ਪੁਣੇ ਸ਼ਹਿਰ ਵਿੱਚ ਅੱਜ ਤੜਕੇ ਟਰੱਕ ਨੇ ਫੁੱਟਪਾਥ ’ਤੇ ਸੁੱਤੇ ਲੋਕਾਂ ਨੂੰ ਦਰੜ ਦਿੱਤਾ, ਜਿਸ ਕਾਰਨ ਦੋ ਛੋਟੇ ਬੱਚਿਆਂ ਸਮੇਤ ਤਿੰਨ ਜਣਿਆਂ ਦੀ ਮੌਤ ਹੋ ਗਈ ਅਤੇ ਛੇ ਹੋਰ ਜ਼ਖ਼ਮੀ ਹੋ ਗਏ। ਪੁਲੀਸ ਨੇ ਦੱਸਿਆ ਕਿ ਇਹ ਘਟਨਾ ਵਾਘੋਲੀ ਖੇਤਰ ਵਿੱਚ ਫੁੱਟਪਾਥ ’ਤੇ ਰਾਤ 12.55 ਵਜੇ ਵਾਪਰੀ ਜਿੱਥੇ ਕਈ ਵਿਅਕਤੀ ਸੁੱਤੇ ਪਏ ਸਨ। ਪੀੜਤਾਂ ਵਿੱਚ ਮਜ਼ਦੂਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ਼ਾਮਲ ਸਨ, ਜੋ ਮਹਾਰਾਸ਼ਟਰ ਦੇ ਹੀ ਅਮਰਾਵਤੀ ਨਾਲ ਸਬੰਧਤ ਸਨ। ਪੁਲੀਸ ਨੇ ਦੱਸਿਆ ਕਿ ਮਜ਼ਦੂਰ ਕੁਝ ਦਿਨ ਪਹਿਲਾਂ ਹੀ ਰੁਜ਼ਗਾਰ ਦੀ ਭਾਲ ਵਿੱਚ ਪੁਣੇ ਆਏ ਸਨ। ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ, ‘‘ਕੇਸਨੰਦ ਫਾਟਾ ਇਲਾਕੇ ਦੇ ਨੇੜੇ ਫੁੱਟਪਾਥ ’ਤੇ ਕਈ ਲੋਕ ਸੁੱਤੇ ਪਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮਜ਼ਦੂਰ ਸਨ। ਉਨ੍ਹਾਂ ਨੂੰ ਇੱਕ ਟਰੱਕ ਨੇ ਦਰੜ ਦਿੱਤਾ, ਜਿਸ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ।’’ ਪੁਲੀਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਵੈਭਵੀ ਪਵਾਰ (ਇੱਕ ਸਾਲ), ਵੈਭਵ ਪਵਾਰ (ਦੋ ਸਾਲ) ਅਤੇ ਵਿਸ਼ਾਲ ਪਵਾਰ (22) ਵਜੋਂ ਹੋਈ ਹੈ। ਪੁਲੀਸ ਅਫ਼ਸਰ ਨੇ ਦੱਸਿਆ ਕਿ ਟਰੱਕ ਡਰਾਈਵਰ ਦੀ ਪਛਾਣ ਗਜਾਨਨ ਟੋਟਰੇ (26) ਵਜੋਂ ਹੋਈ ਹੈ, ਜਿਸ ਨੂੰ ਘਟਨਾ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸਦੀ ਮੈਡੀਕਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਉਹ ਸ਼ਰਾਬ ਦੇ ਨਸ਼ੇ ਵਿੱਚ ਗੱਡੀ ਚਲਾ ਰਿਹਾ ਸੀ। ਉਨ੍ਹਾਂ ਕਿਹਾ ਕਿ ਛੇ ਜ਼ਖ਼ਮੀਆਂ ਵਿੱਚ ਜਾਨਕੀ ਪਵਾਰ (21), ਰਿਨੀਸ਼ਾ ਪਵਾਰ (18), ਰੋਸ਼ਨ ਭੌਸਲੇ (ਨੌਂ), ਨਾਗੇਸ਼ ਪਵਾਰ (27), ਦਰਸ਼ਨ ਵਾਇਰਲ (18) ਅਤੇ ਆਲੀਸ਼ ਪਵਾਰ (47) ਸ਼ਾਮਲ ਹਨ। ਸਾਰਿਆਂ ਨੂੰ ਸਾਸੂਨ ਜਨਰਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

# ਸਿਆਸੀ ਪਾਰਟੀਆਂ ਵਾਂਗ ਕਿਸਾਨਾਂ ਨੂੰ ਵੀ ਸੰਸਦ ਭਵਨ ’ਚ ਧਰਨਾ ਦੇਣ ਦੀ ਇਜਾਜ਼ਤ ਦਿਤੀ ਜਾਣੀ ਚਾਹੀਦੀ ਹੈ : ਨਰੇਸ਼ ਟਿਕੈਤ



**ਨਵੀਂ ਦਿਲੀ।** ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਟਿਕੈਤ ਧੜੇ ਦੇ ਕੌਮੀ ਪ੍ਰਧਾਨ ਨਰੇਸ਼ ਟਿਕੈਤ ਨੇ ਸੋਮਵਾਰ ਨੂੰ ਕਿਹਾ ਕਿ ਕਿਸਾਨਾਂ ਨੂੰ ਦੇਸ਼ ਦੀਆਂ ਵੱਡੀਆਂ ਸਿਆਸੀ ਪਾਰਟੀਆਂ ਵਾਂਗ ਸੰਸਦ ਕੰਪਲੈਕਸ ’ਚ ਧਰਨਾ ਦੇਣ ਦੀ ਇਜਾਜ਼ਤ ਦਿਤੀ ਜਾਣੀ ਚਾਹੀਦੀ ਹੈ। ਨਰੇਸ਼ ਟਿਕੈਤ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਦੇ ਜਨਮ ਦਿਨ ਦੇ ਮੌਕੇ ’ਤੇ ਇੰਦਰਾ ਚੌਕ, ਗਜਰੌਲਾ ਵਿਖੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ, ਜਿਸ ਨੂੰ ਬੀ.ਕੇ.ਯੂ. ਵਲੋਂ ਹਵਨ-ਯੱਗ ਕਰ ਕੇ ‘ਕਿਸਾਨ ਸ਼ਕਤੀ ਦਿਵਸ’ ਵਜੋਂ ਮਨਾਇਆ ਗਿਆ ਸੀ। ਟਿਕੈਤ ਨੇ ਕਿਹਾ ਕਿ ਚੌਧਰੀ ਚਰਨ ਸਿੰਘ ਕਿਸਾਨਾਂ ਦੀ ਆਵਾਜ਼ ਬੁਲੰਦ ਕਰਦੇ ਸਨ ਅਤੇ ਉਹ ਉਨ੍ਹਾਂ ਦੇ ਸੱਭ ਤੋਂ ਵੱਡੇ ਸਮਰਥਕ ਸਨ। ਉਨ੍ਹਾਂ ਕਿਹਾ, ‘‘ਇਹ ਮੰਦਭਾਗਾ ਹੈ ਕਿ ਸੰਸਦ ਦੇ ਸਰਦ ਰੁੱਤ ਇਜਲਾਸ ਦੌਰਾਨ ਸਿਆਸੀ ਪਾਰਟੀਆਂ ਵਲੋਂ ਬੇਲੋੜੇ ਵਿਰੋਧ ਪ੍ਰਦਰਸ਼ਨਾਂ ਅਤੇ ਰੁਕਾਵਟਾਂ ਕਾਰਨ ਕਿਸਾਨਾਂ ਦੇ ਮੁੱਦੇ ਛਾਏ ਰਹੇ।’’ ਟਿਕੈਤ ਨੇ ਦੋਸ਼ ਲਾਇਆ ਕਿ ਸਰਦ ਰੁੱਤ ਸੈਸ਼ਨ ’ਚ ਕੋਈ ਵੀ ਸਿਆਸੀ ਪਾਰਟੀ ਪੇਂਡੂ ਭਾਰਤ ਦੀਆਂ ਸਮੱਸਿਆਵਾਂ ਪ੍ਰਤੀ ਗੰਭੀਰ ਨਹੀਂ ਵਿਖਾਈ ਦਿਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਅਪਣੀਆਂ ਮੰਗਾਂ ਨੂੰ ਲੈ ਕੇ ਸੰਸਦ ਭਵਨ ’ਚ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿਤੀ ਜਾਣੀ ਚਾਹੀਦੀ ਹੈ। ਟਿਕੈਤ ਨੇ ਕਿਹਾ ਕਿ ਪਿੰਡਾਂ ਅਤੇ ਕਿਸਾਨਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੇ ਸਾਰੇ ਸੰਸਦ ਮੈਂਬਰ ਅਤੇ ਵਿਧਾਇਕ ਅਪਣੀਆਂ ਪਾਰਟੀਆਂ ਦੇ ਆਗੂ ਹਨ, ਪਰ ਉਹ ਚੌਧਰੀ ਚਰਨ ਸਿੰਘ ਵਰਗੇ ਪਿੰਡਾਂ ਅਤੇ ਕਿਸਾਨਾਂ ਦੇ ਆਗੂ ਨਹੀਂ ਹਨ।

# ਫਗਵਾੜਾ ਦੇ ਵਾਰਡ ਨੰਬਰ 10 ਤੋਂ ਜਿੱਤੇ MC ਹਰਪ੍ਰੀਤ ਸਿੰਘ ਭੋਗਲ ‘ਆਪ’ ’ਚ ਹੋਏ ਸ਼ਾਮਲ



**ਫਗਵਾੜਾ।** ਫਗਵਾੜਾ ਦੇ ਵਾਰਡ ਨੰ 10 ਤੋਂ ਐਮਸੀ ਹਰਪ੍ਰੀਤ ਸਿੰਘ ਭੋਗਲ ਆਪਣੇ ਸਾਥੀ ਅਵਤਾਰ ਸਿੰਘ ਪਰਮਾਰ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਸੋਮਵਾਰ ਨੂੰ ਜਲੰਧਰ ਅਤੇ ਫਗਵਾੜਾ 'ਚ ਕਈ ਨਵੇਂ ਚੁਣੇ ਗਏ ਕੌਂਸਲਰ 'ਆਪ' 'ਚ ਸ਼ਾਮਲ ਹੋ ਗਏ। 'ਆਪ' ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਅਤੇ ਡਾ. ਰਾਜ ਕੁਮਾਰ ਚੱਬੇਵਾਲ ਨੇ ਅਧਿਕਾਰਤ ਤੌਰ 'ਤੇ ਹਰਪ੍ਰੀਤ ਸਿੰਘ ਭੋਗਲ ਅਤੇ ਅਵਤਾਰ ਸਿੰਘ ਪਰਮਾਰ ਨੂੰ 'ਆਪ' 'ਚ ਸ਼ਾਮਲ ਕੀਤਾ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਦੋਵੇਂ ਆਗੂਆਂ ਨੇ ਨਿਗਮ ਵਿੱਚ ਪਾਰਟੀ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Sham Lal Chander consultant- call number - 07488841161

# ਸਿਰਜਣਾ ਕੇਂਦਰ ਵੱਲੋਂ ਪੰਥਕ ਕਵੀ ਫ਼ਕੀਰ ਚੰਦ ਤੁੱਲੀ ਦਾ ਇੱਕ ਲੱਖ ਰੁਪਏ ਦੀ ਰਾਸ਼ੀ ਨਾਲ ਸਨਮਾਨ

**ਕਪੂਰਥਲਾ, (ਕੌੜਾ)-** ਇਲਾਕੇ ਦੇ ਲੇਖਕਾਂ ਦੀ ਵਿਸ਼ਵ ਪ੍ਰਸਿੱਧ ਸੰਸਥਾ ਸਿਰਜਣਾ ਕੇਂਦਰ (ਰਜਿ.) ਕਪੂਰਥਲਾ ਦੇ ਵਿਹੜੇ ਵਿੱਚ ਲੋਕ ਮੰਚ ਪੰਜਾਬ (ਰਜਿ.) ਵੱਲੋਂ ਬਹੁਪੱਖੀ ਲੇਖਕ ਫ਼ਕੀਰ ਚੰਦ ਤੁਲੀ (ਜਲੰਧਰੀ) ਦਾ ਅੱਧੀ ਸਦੀ ਤੋਂ ਵੀ ਵਧੇਰੇ ਸਮੇਂ ਦੀ ਸਾਹਿਤਕ/ਰਚਨਾਤਮਕ ਘਾਲਣਾ ਸਦਕਾ ਇੱਕ ਲੱਖ ਰੁਪਏ ਦੀ ਨਗਦ ਰਾਸ਼ੀ ਨਾਲ ਸਨਮਾਨ ਕੇਂਦਰ ਦੇ ਦਫ਼ਤਰ ਵਿਰਸਾ ਵਿਹਾਰ ਵਿਖੇ ਰਚਾਏ ਗਏ ਸਮਾਰੋਹ ਵਿੱਚ ਕੀਤਾ ਗਿਆ। ਲੋਕ ਮੰਚ ਪੰਜਾਬ (ਰਜਿ.) ਦੇ ਪ੍ਰਧਾਨ ਸ੍ਰ. ਸੁਰਿੰਦਰ ਸਿੰਘ ਸੁੰਨੜ (ਅਮਰੀਕਾ) ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ, ਉੱਘੇ ਸਮਾਜ ਸੇਵਕ ਪਰਵਿੰਦਰ ਸਿੰਘ ਢੋਟ ਆਰਕੀਟੈਕਟ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਜਦ ਕਿ ਪ੍ਰਧਾਨਗੀ ਮੰਡਲ ਵਿੱਚ ਫ਼ਕੀਰ ਚੰਦ ਤੁੱਲੀ (ਜਲੰਧਰੀ) ਅਤੇ ਕੌਮਾਂਤਰੀ ਸ਼ਾਇਰ ਕੰਵਰ ਇਕਬਾਲ ਸਿੰਘ ਸ਼ਾਮਿਲ ਸਨ । ਕੇਂਦਰ ਦੇ ਪ੍ਰਧਾਨ ਸ਼ਾਇਰ ਕੰਵਰ ਇਕਬਾਲ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਰਸਮੀਂ ਤੌਰ ਤੇ ਜੀ ਆਇਆਂ ਕਹਿਣ ਉਪਰੰਤ ਉੱਘੇ ਵਿਦਵਾਨ ਡਾ. ਰਾਮ ਮੂਰਤੀ ਨੇ ਫ਼ਕੀਰ ਚੰਦ ਤੁਲੀ (ਜਲੰਧਰੀ) ਦੇ ਤਕਰੀਬਨ 60 ਸਾਲਾਂ ਦੇ ਸਾਹਿਤਕ ਅਤੇ ਰਚਨਾਤਮਕ ਸਫ਼ਰ ਸਮੇਂਤ ਉਨ੍ਹਾਂ ਨੂੰ ਪੰਥਕ ਕਵੀ ਵਜੋਂ ਮਿਲੀ ਪ੍ਰਸਿੱਧੀ 'ਤੇ ਮਿਲੇ ਇਨਾਮਾਂ-ਸਨਮਾਨਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ।



ਕੇਂਦਰ ਦੇ ਅਹੁਦੇਦਾਰਾਂ ਵਿੱਚ ਸ਼ਾਮਿਲ ਸ਼ਹਿਬਾਜ਼ ਖ਼ਾਨ, ਆਸ਼ੂ ਕੁਮਰਾ ਅਤੇ ਮਲਕੀਤ ਮੀਤ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਲੋਕ ਮੰਚ ਪੰਜਾਬ (ਰਜਿ.) ਵੱਲੋਂ ਸਿਰਜਣਾ ਕੇਂਦਰ ਦੇ ਸਹਿਯੋਗ ਨਾਲ ਰਚਾਏ ਇਸ ਸਮਾਗਮ ਵਿੱਚ ਪੰਥਕ ਕਵੀ ਫ਼ਕੀਰ ਚੰਦ ਤੁਲੀ (ਜਲੰਧਰੀ) ਨੂੰ ਪ੍ਰਧਾਨਗੀ ਮੰਡਲ ਤੋਂ ਇਲਾਵਾ ਕੇਂਦਰ ਦੇ ਸਰਪ੍ਰਸਤ ਪ੍ਰੋ. ਹਰਜੀਤ ਸਿੰਘ ਅਸ਼ਕ (ਇੰਗਲੈਂਡ) ਡਾ. ਪਰਮਜੀਤ ਸਿੰਘ ਮਾਨਸਾ, ਸੰਤ ਸਿੰਘ ਸੰਧੂ, ਗੁਰਦੀਪ ਗਿੱਲ, ਬਹੁਪੱਖੀ ਲੇਖਿਕਾ ਅਤੇ ਅਨੁਵਾਦਕ ਪ੍ਰਕਾਸ਼ ਕੌਰ ਸੰਧੂ ਡਾ.ਅਵਤਾਰ ਸਿੰਘ ਭੰਡਾਲ, ਅਵਤਾਰ ਸਿੰਘ ਗਿੱਲ ਇਤਿਆਦਿ ਨੂੰ ਨਾਲ ਲੈ ਕੇ ਇੱਕ ਲੱਖ ਰੁਪਏ ਦਾ ਨਕਦ ਸਨਮਾਨ ਪ੍ਰਦਾਨ ਕਰਦਿਆਂ ਹੋਇਆਂ ਦੁਸ਼ਾਲੇ ਅਤੇ ਸਨਮਾਨ ਚਿੰਨ੍ਹ ਨਾਲ ਉਨ੍ਹਾਂ ਦਾ ਸਤਿਕਾਰ ਕੀਤਾ। ਪਰਵਿੰਦਰ ਸਿੰਘ ਢੋਟ ਨੇ ਪੈਂਤੀ ਚਾਲੀ ਸਾਲਾਂ ਤੋਂ ਨਿਰੰਤਰ ਕਾਰਜਸ਼ੀਲ ਸੰਸਥਾ ਸਿਰਜਣਾ ਕੇਂਦਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਗਾ ਕੀਤੀ। ਲੋਕ ਮੰਚ ਪੰਜਾਬ ਦੇ ਪ੍ਰਧਾਨ ਸੁਰਿੰਦਰ ਸਿੰਘ ਸੁੰਨੜ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਕਿ ਸਾਡੀ ਸੰਸਥਾ ਸਾਹਿਤਕ ਅਤੇ ਸਭਿਆਚਾਰਕ ਖੇਤਰ ਵਿੱਚ ਵਿਲੱਖਣ ਪੈੜਾਂ ਪਾਉਣ ਵਾਲੀਆਂ ਸਿਰਜਣਾ ਕੇਂਦਰ ਵਰਗੀਆਂ ਸੰਸਥਾਵਾਂ ਅਤੇ ਤੁਲੀ ਸਾਹਿਬ ਵਰਗੇ ਹਰ ਫ਼ਨਕਾਰ ਦਾ ਬਣਦਾ ਸਤਿਕਾਰ ਕਰਨ ਵਾਸਤੇ ਬਚਨ ਵੱਧ ਹੈ। ਸਮਾਗਮ ਨੂੰ ਅੰਤਿਮ ਛੋਹਾਂ ਦੇਂਦਿਆਂ ਕੇਂਦਰ ਦੇ ਪ੍ਰਧਾਨ ਕੌਮਾਂਤਰੀ ਸ਼ਾਇਰ ਕੰਵਰ ਇਕਬਾਲ ਸਿੰਘ ਨੇ ਦੂਰੋਂ ਨੇੜਿਓਂ ਆਏ ਹੋਏ ਮਹਿਮਾਨਾਂ ਵਿੱਚ ਸ਼ਾਮਿਲ ਮੁਖ਼ਤਾਰ ਸਿੰਘ ਸਹੋਤਾ, ਮਧੂ ਸੂਦਨ ਤੁਲੀ, ਆਸ਼ਾ ਤੁਲੀ, ਮਲਵਿੰਦਰ ਸਿੰਘ ਸਰਪੰਚ, ਅਮਨ ਗਾਂਧੀ, ਕੁਲਦੀਪ ਸਿੰਘ, ਜਗਤਾਰ ਸਿੰਘ, ਤੇਜਬੀਰ ਸਿੰਘ, ਜਸਵੰਤ ਸਿੰਘ ਖੰਡੂਰ ਸਾਹਿਬ, ਜਸਪ੍ਰੀਤ ਸਿੰਘ ਧਿੰਜਣ, ਰਵਿੰਦਰ ਸਿੰਘ, ਇੰਦਰਜੀਤ ਸਿੰਘ ਚਾਹਲ, ਗੁਰਦੇਵ ਸਿੰਘ ਭੱਟੀ ਅਤੇ ਦਿਲਬਾਗ ਸਿੰਘ ਆਦਿ ਦਾ ਸਮਾਗਮ ਵਿੱਚ ਸ਼ਾਮਿਲ ਹੋਣ ਵਾਸਤੇ ਤਹਿ-ਦਿਲੋਂ ਧੰਨਵਾਦ ਕੀਤਾ।

# ਜੀ.ਡੀ.ਗੋਇਨਕਾ ਸਕੂਲ, ਕਪੂਰਥਲਾ ਸਹੋਦਿਆ ਇੰਟਰ ਸਕੂਲ 'ਪੰਜਾਬੀ ਕਵਿਤਾ ਉਚਾਰਨ' ਮੁਕਾਬਲੇ' ਚ ਜੇਤੂ

## ਸਕੂਲਾਂ ਵਿੱਚ ਕਰਵਾਏ ਜਾਣ ਵਾਲੇ ਵੱਖ-ਵੱਖ ਮੁਕਾਬਲੇ ਬੱਚਿਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੇ ਹਨ - ਸੁਖਦੇਵ ਸਿੰਘ

**ਕਪੂਰਥਲਾ (ਕੌੜਾ)-** ਜੀ.ਡੀ.ਗੋਇਨਕਾ ਇੰਟਰਨੈਸ਼ਨਲ ਸਕੂਲ, ਕਪੂਰਥਲਾ ਦੀਆਂ ਦੋ ਵਿਦਿਆਰਥਣਾਂ ਨੇ ਸਹੋਦਿਆ ਇੰਟਰ ਸਕੂਲ ਪੰਜਾਬੀ ਕਵਿਤਾ ਉਚਾਰਨ ਮੁਕਾਬਲੇ ਵਿੱਚ ਭਾਗ ਲਿਆ। ਜਿਸ ਵਿੱਚ ਗਿਆਰਵੀਂ ਜਮਾਤ ਦੀ ਵਿਦਿਆਰਥਣ ਮਨਵੀਰ ਕੌਰ ਅਤੇ ਨੌਵੀਂ ਜਮਾਤ ਦੀ ਵਿਦਿਆਰਥਣ ਅਵਨੀਤ ਕੌਰ ਨੇ ਭਾਗ ਲਿਆ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਮੁਕਾਬਲੇ 'ਚ ਕਪੂਰਥਲਾ ਦੇ 13 ਸੀਬੀਐਸਈ ਸਕੂਲਾਂ ਨੇ ਭਾਗ ਲਿਆ ਸੀ ਜਿਸ ਵਿੱਚ ਜੀਡੀ ਗੋਇਨਕਾ ਸਕੂਲ ਦੀ ਵਿਦਿਆਰਥਣ ਮਨਵੀਰ



ਕੌਰ ਨੇ ' ਸਾਹਿਬਜ਼ਾਦਿਆਂ ਦੇ ਜੀਵਨ' ਨਾਲ ਸਬੰਧਤ ਪੰਜਾਬੀ ਕਵਿਤਾ ਉਚਾਰਨ ਮੁਕਾਬਲੇ 'ਚ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸਰਦਾਰ ਸੁਖਦੇਵ ਸਿੰਘ ਜੀ, ਸਕੱਤਰ ਸ਼੍ਰੀਮਤੀ ਪਰਮਿੰਦਰ ਕੌਰ ਜੀ ਅਤੇ ਪ੍ਰਿੰਸੀਪਲ ਸ਼੍ਰੀਮਤੀ ਊਸ਼ਾ ਪਰਮਾਰ ਜੀ ਨੇ ਕਿਹਾ ਕਿ ਅਜਿਹੇ ਮੁਕਾਬਲੇ ਜਿੱਥੇ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਨੂੰ ਵਧਾਉਂਦੇ ਹਨ ਉਥੇ ਹੀ ਇਹ ਉਨ੍ਹਾਂ ਦਾ ਬੌਧਿਕ ਵਿਕਾਸ ਵੀ ਕਰਦੇ ਹਨ। ਜਿਸ ਨਾਲ ਉਹ ਹਰ ਖੇਤਰ ਵਿੱਚ ਅੱਗੇ ਰਹਿੰਦੇ ਹੋਏ ਆਤਮ ਵਿਸ਼ਵਾਸ ਨਾਲ ਕਿਸੇ ਵੀ ਵਿਸ਼ੇ 'ਤੇ ਬੋਲਣ ਦੇ ਯੋਗ ਹੁੰਦੇ ਹਨ। ਉਨ੍ਹਾਂ ਜੇਤੂ ਵਿਦਿਆਰਥਣ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਸਾਬਕਾ ਬੈਂਕ ਮੈਨੇਜਰ ਕੇਵਲ ਸਿੰਘ ਸਾਹਨੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

**ਸਾਹਨੇਵਾਲ ।** ਸਾਬਕਾ ਬੈਂਕ ਮੈਨੇਜਰ ਕੇਵਲ ਸਿੰਘ ਸਾਨੀ ਜਿਹੜੇ ਪਿਛਲੇ ਦਿਨੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਚਲੇ ਗਏ ਸਨ ਅੱਜ ਉਹਨਾਂ ਦੀ ਅੰਤਿਮ ਅਰਦਾਸ ਪਿੰਡ ਸਾਹਨੇਵਾਲ ਖੁਰਦ ਸਾਨੀ ਵਿਖੇ ਗੁਰਦੁਆਰਾ ਸਾਹਿਬ ਵਿੱਚ ਹੋਈ। ਇਸ ਮੌਕੇ ਭਾਜਪਾ ਦੇ ਕਿਸਾਨ ਵਿੰਗ ਦੇ ਕੌਮੀ ਮੈਂਬਰ ਸਰਦਾਰ ਸੁਖਵਿੰਦਰ ਪਾਲ ਸਿੰਘ ਗਰੇਵਾਲ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਹੋ ਜਿਹੀ ਵਿਅਕਤੀ ਸਮਾਜ ਵਿੱਚ ਕਦੇ ਕਦੇ ਆਉਂਦੇ ਹਨ ਜਿਹੜੇ ਆਪਣੀ ਜ਼ਿੰਦਗੀ ਵਿੱਚ ਲੋਕਾਂ ਦੀ ਸੇਵਾ ਵਿੱਚ ਲਗਾ ਦਿੰਦੇ ਹਨ ਅਜਿਹੇ ਵਿਅਕਤੀਆਂ ਦੇ ਤੁਰ ਜਾਣ ਨਾਲ ਜਿੱਥੇ ਪਰਿਵਾਰ ਨੂੰ ਘਾਟਾ ਪੈਂਦਾ ਹੈ। ਉੱਥੇ ਸਮਾਜ ਨੂੰ ਵੀ ਨਾ ਪੂਰਿਆ ਜਾਣ ਵਾਲਾ ਘਾਟਾ



ਪੈਂਦਾ ਹੈ। ਕੋਆਪਰੇਟਿਵ ਸੁਸਾਇਟੀ ਬੈਂਕ ਦੇ ਆਗੂ ਜਸਵੀਰ ਸਿੰਘ ਮੈਂ ਸ਼ਰਧਾਂਜਲੀ ਭੇਟ ਕਰਦੀਆਂ ਕਿਹਾ ਕਿ ਕੇਵਲ ਸਿੰਘ ਦੇ ਨਾਲ ਮੈਂ ਭਰਤੀ ਹੋਇਆ ਸੀ ਅਤੇ ਉਸ ਦੇ ਨਾਲ ਹੀ ਸੇਵਾ ਮੁਕਤ ਹੋਇਆ ਅਸੀਂ ਲੰਮਾ ਸਮਾਂ ਲੋਕ ਸੇਵਾ ਵਿੱਚ ਗੁਜ਼ਾਰਿਆ ਉਹਨਾਂ ਦੇ ਹਸਮੁੱਸ ਸੁਭਾਅ ਦੀਆਂ ਗੱਲਾਂ ਕਰਦੇ ਹੋਇਆਂ ਉਹਨਾਂ ਦੱਸਿਆ ਕਿ ਇਹੋ ਜਿਹਾ ਵਿਅਕਤੀ ਕੋਈ ਕੋਈ ਹੁੰਦਾ ਹੈ, ਉਹਨਾਂ ਨੇ ਆਪਣੀ ਯੂਨੀਅਨ ਵੱਲੋਂ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਪੰਜਾਬੀ ਦੇ ਪ੍ਰਸਿੱਧ ਲਿਖਾਰੀ ਤੇ ਪੱਤਰਕਾਰ ਬੁੱਧ ਸਿੰਘ ਨੀਲੋਂ ਦੀ ਸ਼ਰਧਾਂਜਲੀ ਭੇਟ ਕਰਦੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਉਹਨਾਂ ਕਿਹਾ ਕਿ ਕੇਵਲ ਸਿੰਘ ਦੇ ਤੁਰ ਜਾਣ ਦੇ ਨਾਲ ਕੇਵਲ ਪਰਿਵਾਰ ਨੂੰ ਹੀ ਨਹੀਂ ਬਲਕਿ ਸਮਾਜ ਨੂੰ ਵੀ ਘਾਟਾ ਪਿਆ ਹੈ। ਇਸ ਮੌਕੇ ਉਹਨਾਂ ਦੀ ਪਰਿਵਾਰਿਕ ਮੈਂਬਰ ਦੋਸਤ ਮਿੱਤਰ ਅਤੇ ਰਿਸ਼ਤੇਦਾਰ ਹਾਜ਼ਰ ਸਨ। ਜਿਨਾਂ ਵਿੱਚ ਸਰਪੰਚ ਮਨਦੀਪ ਸਿੰਘ, ਖੁਸ਼ੀਆਂ ਸਿੰਘ ਭੁਪਿੰਦਰ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ , ਮੇਜਰ ਸਿੰਘ, ਜਗਦੀਪ ਸਿੰਘ, ਗੁਰਚਰਨ ਸਿੰਘ ਜਗਰਾਓਂ, ਸਾਬਕਾ ਐਸ ਐਚ ਓ ਜਗਦੀਸ਼ ਸਿੰਘ ਖੰਨਾ, ਐਸ ਈ ਕਿਰਨਦੀਪ ਸਿੰਘ, ਗੁਰਮੁਖ ਸਿੰਘ ਸੰਗੋਵਾਲ, ਬਲਵਿੰਦਰ ਸਿੰਘ ਲਿੱਟ ਕੈਨੇਡਾ ਆਦਿ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮਿਠੜਾ ਕਾਲਜ ਵਿਖੇ ਸੱਤ ਰੋਜ਼ਾ ਐਨ ਐਸ ਐਸ ਕੈਂਪ ਦੌਰਾਨ ਯੋਗਾ, ਰੈਲੀ ਅਤੇ ਪਿੰਗਲਵਾੜਾ ਅੰਮ੍ਰਿਤਸਰ ਦਾ ਦੌਰਾ






**ਕਪੂਰਥਲਾ(ਕੌੜਾ)–** ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਮਿਠੜਾ ਵਿਖੇ ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਦੀ ਰਹਿਨੁਮਾਈ ਅਧੀਨ ਚੱਲ ਰਹੇ ਐਨਐਸਐਸ ਦੇ ਸੱਤ ਰੋਜ਼ਾ ਕੈਂਪ ਜੋ ਕਿ 19 ਦਸੰਬਰ 2024 ਤੋਂ 25 ਦਸੰਬਰ 2024 ਤੱਕ ਅਯੋਜਿਤ ਕੀਤਾ ਗਿਆ ਹੈ । ਇਸ ਦੌਰਾਨ ਐਨਐਸਐਸ ਵਿੰਗ ਦੇ ਪ੍ਰੋਗਰਾਮ ਅਫਸਰ ਡਾਕਟਰ ਪਰਮਜੀਤ ਕੌਰ ਮੁਖੀ ਸਾਇੰਸ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਲੰਟੀਅਰਸ ਨੇ ਦੂਸਰੇ ਦਿਨ 'ਕਰੋ ਯੋਗ ਰਹੋ ਨਿਰੋਗ ' ਦੇ ਵਚਨ ਅਨੁਸਾਰ ਪਤੰਜਲੀ ਯੋਗ ਸਮਿਤੀ ਕਪੂਰਥਲਾ, ਪੰਜਾਬ ਦੇ ਆਸਟਰੇਲੀਆ ਤੋਂ ਆਏ ਹੋਏ ਡਾਕਟਰ ਬਲਜੀਤ ਕੌਰ , ਭਾਰਤ ਸਵਾਭਿਮਾਨ ਜਿਲਾ ਪ੍ਰਭਾਰੀ ਅਰੁਣ ਕੁਮਾਰ , ਜਿਲਾ ਪ੍ਰਭਾਰੀ ਪੂਜਾ ਅਗਰਵਾਲ , ਮਹਾ ਮੰਤਰੀ ਸੀਮਾ ਸੰਗਰ, ਯੂਥ ਜਿਲਾ ਪ੍ਰਭਾਰੀ ਗਗਨ , ਰਿਟਾਇਰਡ ਚੀਫ ਆਫ ਸੁਪਰਡੈਂਟ ਰੇਲ ਕੋਚ ਫੈਕਟਰੀ ਕਪੂਰਥਲਾ ਸ੍ਰੀ ਰਵਿੰਦਰ ਚੌਂਕਰੀਆ , ਹਰੀਸ਼ ਚੌਂਕਰੀਆ , ਪੂਰਬ ਮਹਾ ਮੰਤਰੀ ਸਤਵਿੰਦਰ ਸਿੰਘ ਕੁੰਦੀ , ਕਵਿਤਾ ਵਾਦਵਾ , ਸੰਵਾਦ ਰਾਜ ਪ੍ਰਭਾਰੀ ਪ੍ਰਵੀਨ ਚੌਂਕਰੀਆ ਵੱਲੋਂ ਕਾਲਜ ਵਿੱਚ ਯੋਗ ਸ਼ਿਵਰ ਲਗਾਇਆ ਗਿਆ । ਜਿਸ ਵਿੱਚ ਕਾਲਜ ਦੇ ਐਨਐਸਐਸ ਵਲੰਟੀਅਰਸ ਅਤੇ ਸਟਾਫ ਮੈਂਬਰਸ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਗਿਆ ।ਇਸ



ਉਪਰੰਤ ਕਾਲਜ ਵਿੱਚ ਸਫਾਈ ਮੁਹਿੰਮ ਚਲਾਈ ਗਈ ਅਤੇ ਐਨਐਸਐਸ ਵਲੰਟੀਅਰਸ ਦੁਆਰਾ ਸਮੁੱਚੇ ਕਾਲਜ ਵਿੱਚ ਸਫਾਈ ਕੀਤੀ ਗਈ ।ਕੈਂਪ ਦੇ ਤੀਸਰੇ ਦਿਨ 20 ਦਸੰਬਰ 2024 ਨੂੰ ਕਾਲਜ ਦੁਆਰਾ ਅਡਾਪਟ ਪਿੰਡ ਸੰਦਰ ਜਗੀਰ ਵਿੱਚ ਐਨ ਐਸ ਐਸ ਵਲੰਟੀਅਰਜ ਵੱਲੋਂ ਐਲੀਮੈਂਟਰੀ ਸਕੂਲ ਦਾ ਦੌਰਾ ਕੀਤਾ, ਜਿਸ ਦੌਰਾਨ ਸਕੂਲ ਦੇ ਮੈਡਮ ਨੀਲਮ ਦੁਆਰਾ ਐਨਐਸਐਸ ਵਲੰਟੀਅਰਜ ਨੂੰ ਸਕੂਲ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਉਪਰੰਤ ਐਨਐਸਐਸ ਵਲੰਟੀਅਰਜ ਦੁਆਰਾ ਸਕੂਲ ਦੇ ਵਿਦਿਆਰਥੀਆਂ ਨੂੰ ਯੋਗ ਦੇ ਕੁਝ ਆਸਣ ਕਰਵਾਏ ਅਤੇ 'ਵਾਤਾਵਰਣ ਬਚਾਓ' ਮੁਹਿੰਮ ਦੇ ਤਹਿਤ ਪਿੰਡ ਦੇ ਆਲੇ ਦੁਆਲੇ ਅਤੇ ਸਕੂਲ ਵਿੱਚ ਪੌਦੇ ਲਗਾਏ ਗਏ। ਇਸ ਉਪਰੰਤ ਸਰਦਾਰ ਸ਼ੀਤਲ ਸਿੰਘ, ਸਤਨਾਮ ਸਿੰਘ ,ਦਰਸ਼ਨ ਸਿੰਘ, ਹਰਦੇਵ ਸਿੰਘ, ਸੰਤੋਖ ਸਿੰਘ, ਰਾਜਵਿੰਦਰ ਕੌਰ, ਹਰਵਿੰਦਰ ਕੌਰ ਅਤੇ ਮਾਤਾ ਸੁਰਜੀਤ ਕੌਰ ਦੇ ਸਹਿਯੋਗ ਨਾਲ ਐਨਐਸਐਸ ਵਲੰਟੀਅਰਜ ਦੁਆਰਾ ਪਿੰਡ ਵਿੱਚ ਰੈਲੀ ਕੱਢੀ ਗਈ ਅਤੇ ਵੱਖ-ਵੱਖ ਥਾਵਾਂ ਤੇ ਵਾਲ ਪੇਂਟਿੰਗਸ ਰਾਹੀਂ ਵਾਤਾਵਰਨ ਬਚਾਓ ਦਾ ਸੁਨੇਹਾ ਦਿੱਤਾ ਗਿਆ। ਕੈਂਪ ਦੇ ਚੌਥੇ ਦਿਨ ਐਨ ਐਸ ਐਸ ਵਲੰਟੀਅਰਜ ਦੁਆਰਾ ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਦਾ ਦੌਰਾ ਕੀਤਾ ਗਿਆ ,ਜਿੱਥੇ ਉਥੋਂ ਦੇ ਮੁੱਖ ਪ੍ਰਬੰਧਕ ਜੈ ਸਿੰਘ ਦੁਆਰਾ ਭਗਤ ਪੂਰਨ ਸਿੰਘ ਦੇ ਜੀਵਨ ਅਤੇ ਚੱਲ ਰਹੀਆਂ ਸੇਵਾਵਾਂ ਅਤੇ ਸੰਸਥਾਵਾਂ ਦਾ ਵਿਸਥਾਰ ਸਾਹਿਤ ਵੇਰਵਾ ਦਿੱਤਾ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਐਨਐਸਐਸ ਵਲੰਟੀਅਰਜ ਦੁਆਰਾ ਪਿੰਗਲਵਾੜੇ ਵਿੱਚ ਰਹਿ ਰਹੇ ਬੱਚਿਆਂ ਅਤੇ ਬਜ਼ੁਰਗਾਂ ਨਾਲ ਮੁਲਾਕਾਤ ਕੀਤੀ ਗਈ। ਉਹਨਾਂ ਨੂੰ ਦੇਖ ਕੇ ਕਾਫੀ ਭਾਵੁਕ ਹੋਏ ਅਤੇ ਆਪਣੀ ਜ਼ਿੰਦਗੀ ਵਿੱਚ ਬੇਸਹਾਰਾ ਅਤੇ ਬਜ਼ੁਰਗਾਂ ਦਾ ਸਹਾਰਾ ਬਣਨ ਦਾ ਪ੍ਰਣ ਲਿਆ। ਇਹਨਾਂ ਗਤੀਵਿਧੀਆਂ ਨੂੰ ਨੇਪਰੇ ਚਾੜਨ ਦੇ ਵਿੱਚ ਹੀਨਾ, ਸੋਨੀਆ ਧੀਮਾਨ, ਪਰਮਪ੍ਰੀਤ ਕੌਰ, ਸਰਦਾਰ ਅਮਰਦੀਪ ਸਿੰਘ ਅਤੇ ਸਰਦਾਰ ਦਿਲਰਾਜ ਸਿੰਘ ਸਮੇਤ ਸਮੂਹ ਸਟਾਫ ਦਾ ਪੂਰਨ ਸਹਿਯੋਗ ਰਿਹਾ।

# 62ਵੀਂ ਰੋਲਰ ਸਕੇਟਿੰਗ ਹਾਕੀ ਟੀਮ ਵਿੱਚ ਛਾਈ ਰਹੀ ਰਵਨੀਤ

ਤਾਮਿਲਨਾਡੂ ਦੇ ਖੂਬਸੂਰਤ ਸ਼ਹਿਰ ਕੋਇੰਬਟੂਰ ਵਿਖੇ ਹੋਈ 62 ਵੀਂ ਨੈਸ਼ਨਲ ਰੋਲਰ ਸਕੇਟਿੰਗ ਚੈਂਪੀਅਨਸ਼ਿਪ 5 ਦਸੰਬਰ ਤੋਂ ਸ਼ੁਰੂ ਹੋ ਕੇ 15 ਦਸੰਬਰ ਤੱਕ ਸੰਪੰਨ ਹੋਈ।ਜਿਸ ਵਿਚ ਸਪੀਡ, ਰੋਲਰ ਹਾਕੀ, ਇਨਲਾਇਨ ਹਾਕੀ ਅਤੇ ਹੋਰ ਸਕੇਟਿੰਗ ਨਾਲ ਸਬੰਧਤ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਇਨਲਾਇਨ ਸਕੇਟਿੰਗ ਹਾਕੀ ਪੰਜਾਬ ਦੀ ਜੂਨੀਅਰ ਵਰਗ ਕੁੜੀਆਂ ਦੀ ਟੀਮ ਨੇ ਤਾਂਬੇ ਦੇ ਤਮਗ਼ਾ ਹਾਸਲ ਕੀਤਾ। ਇਸ ਪੰਜਾਬ ਟੀਮ ਦਾ ਅਟੁੱਟ ਅੰਗ ਬਣੀ ਰਵਨੀਤ ਨੈਸ਼ਨਲ ਚੈਂਪੀਅਨਸ਼ਿਪ ਦੇ ਸਾਰੇ ਮੈਚਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਖੇਡ



ਗਰਾਉਂਡ ਵਿੱਚ ਛਾਈ ਰਹੀ । ਰਵਨੀਤ ਦੀ ਇਸ ਪ੍ਰਾਪਤੀ ਤੋਂ ਉਸਦੇ ਮਾਤਾ ਪਿਤਾ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਇਸ ਪ੍ਰਾਪਤੀ ਦਾ ਸਿਹਰਾ ਕੋਚ ਸ਼੍ਰੀ ਰਾਮੇਸ਼ ਕੁਮਾਰ ਜੀ ਨੂੰ ਦਿੱਤਾ। ਰਵਨੀਤ ਖੁਦ ਵੀ ਇਸ ਪ੍ਰਾਪਤੀ ਦਾ ਸਿਹਰਾ ਆਪਣੀ ਟੀਮ ਦੇ ਵਧੀਆ ਤਾਲਮੇਲ ਨੂੰ ਅਤੇ ਆਪਣੇ ਕੋਚ ਦੀ ਵਧੀਆ ਅਗਵਾਈ ਨੂੰ ਦੱਸਦੀ ਹੈ। ਚੇਤੇ ਰਹੇ ਕਿ ਰਵਨੀਤ ਪਿਛਲੇ ਸਾਲਾਂ ਵਿੱਚ ਵੀ ਟੀਮ ਦੇ ਪਲੇਇੰਗ ਸੈੱਟ ਦਾ ਹਿੱਸਾ ਰਹੀ ਹੈ।ਨੈਸ਼ਨਲ ਚੈਂਪੀਅਨਸ਼ਿਪ ਵਿਚ ਰਵਨੀਤ ਦੀ ਇਸ ਕਾਮਯਾਬੀ ਤੇ ਲਿਟਲ ਫਲਾਵਰ ਸਕੂਲ ਸੰਗਰੂਰ ਵੀ ਬੇਹੱਦ ਮਾਣ ਮਹਿਸੂਸ ਕਰਦਾ ਹੈ। ਉਸਦੇ ਕੋਚ ਸ਼੍ਰੀ ਰਾਮੇਸ਼ ਕੁਮਾਰ ਵੀ ਭਵਿੱਖ ਲਈ ਰਵਨੀਤ ਨੂੰ ਹੋਰ ਵੀ ਤਰਾਸ਼ਣ ਦੀ ਕੋਸ਼ਿਸ਼ ਵਿਚ ਹਨ ਤਾਂ ਕਿ ਉਹ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਦਾ ਹਿੱਸਾ ਬਣ ਸਕੇ।

**ਰਜਿੰਦਰ ਸਿੰਘ ਰਾਜਨ**
**9876184954**

# ਮਾਛੀਵਾੜਾ ਟ੍ਰੈਫਿਕ ਪੁਲਿਸ ਵੱਲੋਂ ਗੜੀ ਪੁੱਲ਼ ਉੱਤੇ ਵਿਸ਼ੇਸ਼ ਚੈਕਿੰਗ

**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ**

ਇਸ ਵੇਲੇ ਸ਼ਹੀਦੀ ਦਿਹਾੜਿਆਂ ਦੇ ਨਾਲ ਸੰਬੰਧਿਤ ਵਿਸ਼ੇਸ਼ ਦਿਨ ਚੱਲ ਰਾਹੇ ਹਨ। ਸੰਗਤਾਂ ਇਹਨਾਂ ਸ਼ਹੀਦੀ ਦਿਹਾੜਿਆਂ ਨਾਲ ਜੁੜੇ ਹੋਏ ਸਥਾਨਾਂ ਉੱਤੇ ਨਤਮਸਤਕ ਹੋਣ ਲਈ ਪੁੱਜਦੀਆਂ ਹਨ। ਇਸੇ ਤਰ੍ਹਾਂ ਜਿਲਾ ਲੁਧਿਆਣਾ ਦੇ ਇਤਿਹਾਸਕ ਸ਼ਹਿਰ ਮਾਛੀਵਾੜਾ ਸਾਹਿਬ ਵਿੱਚ ਦੂਰ ਦੁਰਾਡਿਓ ਸੰਗਤ ਆਉਂਦੀ ਹੈ। ਸੰਗਤ ਨੂੰ ਕੋਈ ਪਰੇਸ਼ਾਨੀ ਨਾ ਆਉਣ ਤੇ ਜਿੱਥੇ ਪੁਲਿਸ ਦੇ ਪ੍ਰਸ਼ਾਸਨ ਨੇ ਵਧੀਆ ਪ੍ਰਬੰਧ ਕੀਤੇ ਹਨ ਉੱਥੇ ਹੀ ਟਰੈਫਿਕ ਪੁਲਿਸ ਮਾਛੀਵਾੜਾ ਸਾਹਿਬ ਵੱਲੋਂ ਵੀ ਵਿਸ਼ੇਸ਼ ਨਾਕਾਬੰਦੀ ਕਰਕੇ ਆਉਣ ਜਾਣ ਵਾਲੇ ਵਾਹਨਾਂ ਦੇ ਚੈਕਿੰਗ ਕੀਤੀ ਗਏ। ਜਿਨ੍ਹਾਂ ਦੇ ਕਾਗਜ ਅਧੂਰੇ ਸਨ ਉਹਨਾਂ ਦੇ ਚਲਣ ਵੀ ਕੱਟੇ ਗਏ।

ਇਸ ਮੌਕੇ ਟਰੈਫਿਕ ਪੁਲਿਸ ਮਾਛੀਵਾੜਾ ਦੇ ਮੁੱਖੀ ਇੰਦਰਜੀਤ ਸਿੰਘ ਢਿੱਲੋਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਇਹਨਾਂ ਸ਼ਹੀਦੀ ਦਿਹਾੜਿਆਂ ਦੇ ਉੱਪਰ ਜਿੱਥੇ ਸੰਗਤ ਗੁਰੂ ਘਰਾਂ ਵਿਚ ਆ ਰਹੀ ਹੈ ਉੱਥੇ ਹੀ ਕੁਝ ਫੁਕਰੀ ਕਿਸਮ ਦੇ ਲੋਕ ਖ਼ਾਸ ਕਰ ਕੁਝ ਨੌਜਵਾਨ ਆਪਣੇ ਮੋਟਰਸਾਇਕਲਾਂ ਦੇ ਸਾਇਲੈਂਸਰ ਲਾਹ ਹੁੜਦੁੰਗ ਮਚਾ ਰਹੇ ਸਨ ਇਸੇ ਤਰ੍ਹਾਂ ਕਈ ਕਾਰਾਂ ਵਿੱਚ ਵੀ ਇਹ ਕੁਝ ਦੇਖਣ ਨੂੰ ਮਿਲਿਆ ਸਾਨੂੰ ਇਸ ਬਾਬਤ ਸੂਚਨਾ ਮਿਲੀ ਤੇ ਅਸੀਂ ਵਿਸ਼ੇਸ਼ ਨਾਕਾਬੰਦੀ ਕਰਕੇ ਅਜੇਹੇ ਨੌਜਵਾਨਾਂ ਨੂੰ ਸਮਝਾਇਆ ਵੀ ਤੇ ਜਿਨਾਂ ਕੋਲ ਕਾਗਜ ਨਹੀਂ ਸਨ ਉਹਨਾਂ ਦੇ ਚਲਾਨ ਵੀ ਕੱਟੇ। ਪੁਲਿਸ ਮੁਖੀ ਨੇ ਕਿਹਾ ਹੈ ਕਿ ਇਤਿਹਾਸਕ ਨਗਰੀ ਮਾਛੀਵਾੜਾ ਸਾਹਿਬ ਵਿੱਚ ਸੰਗਤ ਦੂਰ ਦੁਰਾਡਿਓ ਆਉਂਦੀ ਹੈ ਤੇ ਟਰੈਫਿਕ ਪੁਲਿਸ ਉਹਨਾਂ ਦੀ ਸੇਵਾ ਵਿੱਚ ਹਾਜ਼ਰ ਹੈ।

# ਦਲਵਿੰਦਰ ਦਿਆਲਪੁਰੀ ਦੇ ਧਾਰਮਿਕ ਗੀਤ "ਜੀਤਾਂ ਤੇਰੇ ਲਾਲ ਨੀ" ਰਿਲੀਜ਼ - ਰਣਧੀਰ ਧੀਰਾ

**ਵੈਨਕੂਵਰ ( ਕੁਲਦੀਪ ਚੁੰਬਰ)** ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਅਰਪਣ ਗਾਇਕ ਦਲਵਿੰਦਰ ਦਿਆਲਪੁਰੀ ਦੇ ਧਾਰਮਿਕ ਸਿੰਗਲ ਟ੍ਰੈਕ "ਜੀਤਾਂ ਤੇਰੇ ਲਾਲ ਨੀ" ਵੀਡੀਓ ਨੂੰ ਯੂ ਟਿਊਬ ਤੇ ਸੰਗਤਾਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ। ਜਾਣਕਾਰੀ ਦਿੰਦਿਆਂ ਪ੍ਰੋਡਿਊਸਰ ਰਣਧੀਰ ਧੀਰਾ ਨੇ ਦੱਸਿਆ ਕਿ ਇਸ ਧਾਰਮਿਕ ਗੀਤ ਨੂੰ ਫੋਕ ਫਿਊਜ਼ਨ ਕੰਪਨੀ ਵਲੋਂ ਰਿਲੀਜ ਕੀਤਾ ਗਿਆ ਹੈ । ਜਿਸ ਦਾ ਮਿਊਜ਼ਿਕ ਕਿਸ਼ਨ ਭਗਤ ਵਲੋਂ ਤਿਆਰ ਕੀਤਾ ਗਿਆ ਹੈ । ਜਿਸ ਨੂੰ ਲਿਖਿਆ ਹੈ ਭਜਨ ਸਿੰਘ ਥਿੰਦ ਟਿੱਬੇ ਵਾਲਾ ਨੇ । ਇਸ ਧਾਰਮਿਕ ਟ੍ਰੈਕ ਦਾ ਵੀਡੀਓ ਰਣਜੀਤ ਉੱਪਲ ਵਲੋਂ ਧਾਰਮਿਕ ਸਥਾਨਾਂ ਤੇ ਸ਼ੂਟ ਕੀਤਾ ਗਿਆ ਹੈ ਜੋ ਕਿ ਯੂ ਟਿਊਬ ਦੇ ਨਾਲ ਨਾਲ ਧਾਰਮਿਕ ਚੈਨਲਾਂ ਤੇ ਚੱਲ ਰਿਹਾ ਹੈ। ਜਿਸ ਨੂੰ ਸੰਗਤਾਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ ।



# ਅੰਬੇਡਕਰ ਭਵਨ ਟਰੱਸਟ ਨੇ ਕੀਤਾ ਸੀਨੀਅਰ ਸਾਬਕਾ ਟਰੱਸਟੀ ਕੇ. ਸੀ. ਸੁਲੇਖ ਦਾ ਸਨਮਾਨ

**ਜਲੰਧਰ (ਸਮਾਜ ਵੀਕਲੀ)** ਅੰਬੇਡਕਰ ਭਵਨ ਟਰੱਸਟ (ਰਜਿ.)ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਅੰਬੇਡਕਰ ਭਵਨ ਟਰੱਸਟ (ਰਜਿ.) ਨੇ ਆਪਣੇ ਸੀਨੀਅਰ ਸਾਬਕਾ ਟਰੱਸਟੀ ਸ਼੍ਰੀ ਕੇ.ਸੀ. ਸੁਲੇਖ ਅਤੇ ਚੌਧਰੀ ਨਸੀਬ ਚੰਦ ਜੀ ਨੂੰ ਅੰਬੇਡਕਰ ਭਵਨ ਵਿਖੇ 6 ਦਸੰਬਰ, 2024 ਨੂੰ ਬਾਬਾ ਸਾਹਿਬ ਦੇ ਪਰਿਨਿਰਵਾਣ ਦਿਵਸ 'ਤੇ ਆਯੋਜਿਤ ਕੀਤੇ ਗਏ ਸਮਾਗਮ ਵਿੱਚ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਸੀ । ਸ਼੍ਰੀ ਕੇ.ਸੀ. ਸੁਲੇਖ ਚੰਡੀਗੜ੍ਹ ਵਿਖੇ ਰਹਿੰਦੇ ਹਨ ਅਤੇ ਚੌਧਰੀ ਨਸੀਬ ਚੰਦ ਜੀ ਨਵੀਂ ਦਿੱਲੀ ਵਿਖੇ। ਉਮਰ ਕਾਰਨ ਦੋਵੇਂ ਟਰੱਸਟੀ ਆਪਣਾ ਸਨਮਾਨ ਲੈਣ ਲਈ ਜਲੰਧਰ ਨਹੀਂ ਆ ਸਕੇ। ਅੰਬੇਡਕਰ ਭਵਨ ਟਰੱਸਟ ਦੇ ਟਰੱਸਟੀ ਡਾ. ਜੀ.ਸੀ ਕੌਲ, ਬਲਦੇਵ ਰਾਜ ਭਾਰਦਵਾਜ, ਚਰਨ ਦਾਸ ਸੰਧੂ, ਹਰਮੇਸ਼ ਜੱਸਲ ਅਤੇ ਮਹਿੰਦਰ ਸੰਧੂ ਨੇ 22 ਦਸੰਬਰ, 2024 ਨੂੰ ਜਲੰਧਰ ਤੋਂ ਚੰਡੀਗੜ੍ਹ ਜਾ ਕੇ ਸ਼੍ਰੀ ਕੇ. ਸੀ. ਸੁਲੇਖ ਨੂੰ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਸਨਮਾਨਿਤ ਕੀਤਾ। ਭਾਰਦਵਾਜ਼ ਨੇ ਕਿਹਾ ਕਿ ਟਰੱਸਟ ਲਈ ਇਹ ਮਾਣ ਵਾਲੀ ਗੱਲ ਹੈ ਕਿ ਡਾ. ਰੌਣਕੀ ਰਾਮ, ਚੇਅਰਪਰਸਨ, ਸ਼ਹੀਦ ਭਗਤ ਸਿੰਘ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਸ਼੍ਰੀ ਕੇ.ਸੀ. ਸੁਲੇਖ ਨੂੰ ਸਨਮਾਨਿਤ ਕਰਨ ਲਈ ਨਾਲ ਸਨ। ਇਹਨਾਂ ਤੋਂ ਇਲ-ਾਵਾ ਅੰਬੇਡਕਰ ਭਵਨ ਦੇ ਕੇਅਰ ਟੇਕਰ ਸ਼੍ਰੀ ਨਿਰਮਲ ਸਿੰਘ ਬਿਨਜੀ ਅਤੇ ਸੁਲੇਖ ਸਾਹਿਬ ਦੇ ਪਰਿਵਾਰਿਕ ਮੈਂਬਰ ਵੀ ਮੌਜੂਦ ਸਨ। ਭਾਰਦਵਾਜ ਨੇ ਦੱਸਿਆ ਕਿ 27 ਅਕਤੂਬਰ 1951 ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜਲੰਧਰ ਵਿਖੇ ਆਏ ਸਨ ਅਤੇ ਉਨ੍ਹਾਂ ਨੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਇਸ ਮੌਕੇ ਮੰਚ ਸੰਚਾਲਨ ਸ਼੍ਰੀ ਕੇ.ਸੀ.ਸੁਲੇਖ ਨੇ ਕੀਤਾ ਸੀ। ਬੂਟਾ ਮੰਡੀ ਦੇ ਏਰੀਏ ਵਿੱਚ ਜਿਸ ਸਥਾਨ ਤੇ ਆ ਕੇ ਬਾਬਾ ਸਾਹਿਬ ਨੇ ਲੋਕਾਂ ਨੂੰ ਸੰਬੋਧਨ ਕੀਤਾ ਸੀ, ਉਹ ਭੂਮੀ ਉੱਘੇ ਅੰਬੇਡਕਰੀ, ਚਿੰਤਕ, ਨਿਡਰ ਬੁਲਾਰੇ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਸ਼੍ਰੀ ਲਾਹੌਰੀ ਰਾਮ ਬਾਲੀ ਨੇ ਆਪਣੇ ਸਾਥੀ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਇੱਕ-ਇੱਕ ਰੁਪਈਆ ਇਕੱਠਾ ਕਰਕੇ 1963 ਵਿੱਚ ਖਰੀਦੀ ਅਤੇ ਫਿਰ ਇਸ ਦੀ ਦੇਖਭਾਲ ਕਰਨ ਲਈ 1972 ਵਿੱਚ ਅੰਬੇਡਕਰ ਭਵਨ ਟਰੱਸਟ' ਦੇ ਨਾਮ ਨਾਲ ਟਰੱਸਟ ਬਣਾ ਦਿੱਤਾ। 1952 ਵਿੱਚ ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਵਿੱਚ ਸਰਕਾਰੀ ਨੌਕਰੀ ਮਿਲਣ ਤੋਂ ਬਾਅਦ ਸ਼੍ਰੀ ਕੇ. ਸੀ. ਸੁਲੇਖ ਨੂੰ 1985 ਵਿੱਚ ਸੇਵਾ ਮੁਕਤ ਹੋਣ ਤੋਂ ਬਾਅਦ ਇਸ 'ਅੰਬੇਡਕਰ ਭਵਨ ਟਰੱਸਟ' ਵਿੱਚ ਬਾਲੀ ਜੀ ਦੁਆਰਾ ਟਰੱਸਟੀ ਨਿਯੁਕਤ ਕੀਤਾ ਗਿਆ ਅਤੇ 2023 ਤੱਕ ਉਹ ਇਸ ਟਰੱਸਟ ਵਿੱਚ ਬਤੌਰ ਟਰੱਸਟੀ ਰਹੇ। ਭਾਰਦਵਾਜ ਨੇ ਅੱਗੇ ਕਿਹਾ ਕਿ ਚੌਧਰੀ ਨਸੀਬ ਚੰਦ ਜੀ ਦਾ ਸਨਮਾਨ ਵੀ ਉਚਿਤ ਸਮੇਂ ਸਿਰ ਦਿੱਤਾ ਜਾਵੇਗਾ।

**ਬਲਦੇਵ ਰਾਜ ਭਾਰਦਵਾਜ**
**ਵਿੱਤ ਸਕੱਤਰ**
**ਅੰਬੇਡਕਰ ਭਵਨ ਟਰੱਸਟ (ਰਜਿ.)**




ਸ਼੍ਰੀ ਕੇ.ਸੀ.ਸੁਲੇਖ ਦਾ ਸਨਮਾਨ ਕਰਦੇ ਹੋਏ ਅੰਬੇਡਕਰ ਭਵਨ ਦੇ ਟਰੱਸਟੀ ਸਹਿਬਾਨ।

# ਆਯੂਰਵੈਦ ਵਿਭਾਗ ਵੱਲੋਂ ਕੀਤਾ ਜਾ ਰਿਹੈ ਲੋਕਾਂ ਦਾ ਪ੍ਰਕਿਰਤੀ ਪਰਿਕਸ਼ਣ ਵਾਤ, ਪਿਤ, ਕਫ ਆਦਿ ਪ੍ਰਕਿਰਤੀਆਂ ਸਬੰਧੀ ਦਿੱਤੀ ਜਾਣਕਾਰੀ



**ਮਾਨਸਾ ( ਚਾਨਣ ਦੀਪ ਸਿੰਘ ਔਲਖ)** ਡਾਇਰੈਕਟਰ ਆਫ ਆਯੁਰਵੈਦਾ ਡਾ ਰਵੀ ਡੂਮਰਾ ਦੇ ਦਿਸ਼ਾ ਨਿਰਦੇਸ਼ਾ ਤਹਿਤ ਜਿਲ੍ਹਾ ਆਯੁਰਵੈਦਿਕ ਯੂਨਾਨੀ ਅਫਸਰ ਡਾ ਨਮਿਤਾ ਗਰਗ ਦੀ ਅਗਵਾਈ ਹੇਠ ਜਿਲ੍ਹੇ ਭਰ ਦੇ ਨਾਗਰਿਕਾਂ ਦਾ ਪ੍ਰਕਿਤੀ ਪ੍ਰੀਕਸ਼ਣ ਕੀਤਾ ਜਾ ਰਿਹਾ ਹੈ। ਡਾ ਨਮਿਤਾ ਗਰਗ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਆਯੂਸ਼ ਮੰਤਰਾਲੇ ਦੇ ਸਹਿਯੋਗ ਨਾਲ ਪੂਰੇ ਭਾਰਤ ਵਿੱਚ "ਦੇਸ਼ ਕਾ ਪ੍ਰਕਿਰਤੀ ਪਰਿਕਸ਼ਣ" ਬੈਨਰ ਹੇਠ ਇੱਕ ਖਾਸ ਅਭਿਆਨ ਮਿਤੀ 26 ਨਵੰਬਰ ਤੋਂ 25 ਦਸੰਬਰ ਤੱਕ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਪੂਰੇ ਦੇਸ਼ ਅੰਦਰ ਇੱਕ ਕਰੋੜ ਲੋਕਾਂ ਦਾ ਪ੍ਰਕਿਰਤੀ ਪਰਿਕਸ਼ਣ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰਾਚੀਨ ਆਯੁਰਵੈਦਿਕ ਵਿਧੀ ਰਾਂਹੀ ਬਹੁਤ ਹੀ ਸਰਲ ਤਰੀਕੇ ਨਾਲ ਲੋਕਾਂ ਦੀ ਪ੍ਰਕਿਰਤੀ ਬਾਰੇ ਜਾਣਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪ੍ਰਕਿਰਤੀ ਜਾਣਨ ਲਈ ਕਿਸੇ ਪ੍ਰਕਾਰ ਦੇ ਖੂਨ ਟੈਸਟ ਵਗੈਰਾ ਦੀ ਜਰੂਰਤ ਨਹੀਂ ਹੁੰਦੀ, ਇਹ ਸਿਰਫ ਵਿਅਕਤੀ ਦੇ ਰਹਿਣ ਸਹਿਣ, ਖਾਣ ਪੀਣ ਅਤੇ ਸੁਭਾਅ ਆਦਿ ਸਬੰਧੀ ਗੱਲਾਂ ਬਾਰੇ ਜਾਣ ਕੇ ਵਿਅਕਤੀ ਦੀ ਪ੍ਰਕਿਰਤੀ ਬਾਰੇ ਜਾਣਿਆ ਜਾ ਸਕਦਾ ਹੈ। ਇਸ ਮੌਕੇ ਡਾ ਵਰਿੰਦਰ ਕੁਮਾਰ ਨੇ ਦੱਸਿਆ ਕਿ ਵਿਅਕਤੀਆਂ ਦੀ ਪ੍ਰਕਿਰਤੀ ਪਰਿਕਸ਼ਣ ਕਰਨ ਲਈ ਜਿਲ੍ਹੇ ਭਰ ਵਿੱਚ ਵਿਸ਼ੇਸ਼ ਅਭਿਆਨ ਚਲਾਏ ਜਾ ਰਹੇ ਹਨ ਜਿਸ ਤਹਿਤ ਜਿਲ੍ਹੇ ਭਰ ਦੀਆਂ ਆਯੁਰਵੈਦਿਕ ਡਿਸਪੈਂਸਰੀਆਂ, ਵਿਦਿਅਕ ਅਦਾਰਿਆਂ ਸਮੇਤ ਵੱਖ ਵੱਖ ਸਰਕਾਰੀ ਅਦਾਰਿਆਂ ਵਿੱਚ ਆਯੁਰਵੈਦਿਕ ਟੀਮਾਂ ਵੱਲੋਂ ਜਾ ਕੇ ਲੋਕਾਂ ਦਾ ਪ੍ਰਕਿਰਤੀ ਪਰਿਕਸ਼ਣ ਕੀਤਾ ਜਾ ਰਿਹਾ ਹੈ ਜਿਸ ਤਹਿਤ ਹੁਣ ਤੱਕ ਜਿਲ੍ਹੇ ਵਿੱਚ 2680 ਵਿਅਕਤੀਆਂ ਦਾ ਪ੍ਰਕਿਰਤੀ ਪਰਿਕਸ਼ਣ ਕੀਤਾ ਜਾ ਚੁੱਕਾ ਹੈ । ਦਫਤਰ ਡਿਪਟੀ ਕਮਿਸ਼ਨਰ ਮਾਨਸਾ ਵਿਖੇ ਲਗਾਏ ਗਏ ਵਿਸ਼ੇਸ਼ ਕੈਂਪ ਵਿੱਚ 100 ਤੋਂ ਵਧੇਰੇ ਵਿਅਕਤੀਆਂ ਦਾ ਪ੍ਰਕਿਰਤੀ ਪਰਿਕਸ਼ਣ ਕੀਤਾ ਜਾ ਚੁੱਕਾ ਹੈ। ਪ੍ਰਕਿਰਤੀ ਪਰਿਕਸ਼ਣ ਨਾਲ ਹਰ ਵਿਆਕਤੀ ਨੂੰ ਆਪਣੀ ਵਾਤ, ਪਿਤ, ਕਫ ਆਦਿ ਪ੍ਰਕਿਰਤੀ ਸਬੰਧੀ ਪਤਾ ਚਲ ਜਾਂਦਾ ਹੈ ਅਤੇ ਫਿਰ ਉਹ ਉਸ ਸਬੰਧੀ ਭੋਜਨ ਸਬੰਧੀ ਕੁੱਝ ਸੁਧਾਰ ਕਰਕੇ ਆਪਣੀ ਸਿਹਤ ਨੂੰ ਤੰਦਰੁਸਤ ਰੱਖ ਸਕਦਾ ਹੈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਡਾ ਸੀਮਾਂ ਨੇ ਦੱਸਿਆ ਕਿ ਇਸ ਮੁਹਿੰਮ ਨੂੰ ਕਾਮਯਾਬ ਕਰਨ ਲਈ ਡਾ ਪੂਜਾ ਰਾਣੀ, ਡਾ ਗੁਰਪ੍ਰੀਤ ਕੌਰ, ਲਖਮਿੰਦਰ ਕੁਮਾਰ, ਦਵਿੰਦਰ ਕੁਮਾਰ, ਰਾਜਵਿੰਦਰ ਸਿੰਘ, ਅਵਤਾਰ ਸਿੰਘ, ਜੁਗਰਾਜ ਸਿੰਘ, ਗੁਰਮੀਤ ਸਿੰਘ, ਕਰਿਤੀ ਰਾਣੀ, ਰਿਚਾ ਮਿੱਤਲ, ਪਰਵੀਨ ਸਿੰਘ ਅਤੇ ਕੁਲਦੀਪ ਸਿੰਘ ਦਾ ਵਿਸ਼ੇਸ਼ ਤੌਰ ਤੇ ਸਹਿਯੋਗ ਰਿਹਾ ਹੈ।

# ਸਹੀਦੀ ਦਿਹਾੜੇ ਨੂੰ ਯਾਦ ਕਰਦੇ ਮੂਲ ਮੰਤਰ ਦਾ ਕੀਤਾ ਜਾਪ





**ਭੀਖੀ( ਕਮਲ ਜਿੰਦਲ)**

ਸਥਾਨਕ ਸਕੂਲ ਸ੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਭੀਖੀ ਵਿੱਖੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਤੇ ਪਰਿਵਾਰ ਦੇ ਸ਼ਹੀਦੀ ਦਿਹਾੜਿਆਂ ਨੂੰ ਯਾਦ ਕਰਦੇ ਹੋਏ ਮੂਲਮੰਤਰ ਦੀ ਮਾਲਾ ਦਾ ਜਾਪ ਬੱਚਿਆਂ ਅਤੇ ਆਧਿਆਪਕਾਂ ਵੱਲੋਂ ਸਮੂਹਿਕ ਰੂਪ ਵਿੱਚ ਕੀਤਾ ਗਿਆ।ਨਰਸਰੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਨੂੰ ਗੁਰੂਦਵਾਰਾ ਸਾਹਿਬ ਪਾਤਸ਼ਾਹੀ ਨੌਮੀ, ਧਲੇਵਾਂ ਵਿੱਖੇ ਦਰਸ਼ਨ ਲਈ ਲਿਜਾਇਆ ਗਿਆ। ਇਸ ਤੋਂ ਇਲਾਵਾ ਸਾਹਿਬਜ਼ਾਦਿਆਂ ਨੂੰ ਯਾਦ ਕਰਦਿਆਂ ਸ਼ਬਦ ਅਤੇ ਕਵਿਤਾ ਗਾਇਨ ਕਰਵਾਇਆ ਗਿਆ ਅਤੇ ਬੱਚਿਆਂ ਨੂੰ ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਦਰਸਾਉਂਦੀ ਹੋਈ ਚਾਰ ਸਾਹਿਬਜ਼ਾਦੇ ਫਿਲਮ ਵੀ ਦਿਖਾਈ ਗਈ। ਬੱਚਿਆਂ ਵਲੋਂ ਗੁਰੂ ਲੰਗਰ ਪ੍ਰਥਾ ਦੀ ਥੋੜੇ ਚੋ ਥੋੜਾ ਦੀ ਮਰਯਾਦਾ ਨੂੰ ਨਿਭਾਉਂਦੇ ਹੋਏ ਆਪਣੇ ਭੋਜਨ ਵਿੱਚੋਂ ਭੋਜਨ ਇਕੱਠਾ ਕਰਕੇ ਸੇਵਾ ਕੀਤੀ ਗਈ।

# ਯੂ ਪੀ ਵਿੱਚ ਪੁਲਿਸ ਮੁਕਾਬਲੇ ਦੌਰਾਨ ਮਾਰੇ ਗਏ ਤਿੰਨੇ ਪੰਜਾਬੀ ਗੁਰਦਾਸਪੁਰ ਜਿਲੇ ਨਾਲ ਸੰਬੰਧਿਤ

**ਬਲਬੀਰ ਸਿੰਘ ਬੱਬੀ**

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਸਰਹੱਦੀ ਇਲਾਕਿਆਂ ਨਾਲ ਸੰਬੰਧਿਤ ਪੁਲਿਸ ਥਾਣੇ ਪੁਲਿਸ ਚੌਂਕੀਆਂ ਤੇ ਬੰਦ ਪਈਆਂ ਪੁਲਿਸ ਚੌਕੀਆਂ ਉੱਪਰ ਬੰਬ ਧਮਾਕੇ ਜਿਹੇ ਹਮਲੇ ਹੋ ਰਹੇ ਹਨ ਸਰਹੱਦੀ ਕਸਬਾ ਅਜਨਾਲਾ ਤੋਂ ਇਲਾਵਾ ਅੰਮ੍ਰਿਤਸਰ ਸ਼ਹਿਰ ਤੇ ਗੁਰਦਾਸਪੁਰ ਜਿਲ੍ਹੇ ਦੇ ਪੁਲਿਸ ਥਾਣੇ ਚੌਕੀਆਂ ਦੇ ਵਿੱਚ ਬੰਬ ਧਮਾਕੇ ਹੋਏ ਤੇ ਇਹਨਾਂ ਦੀ ਜਿੰਮੇਵਾਰੀ ਸੋਸ਼ਲ ਮੀਡੀਆ ਉੱਪਰ ਲਾਈ ਗਈ। ਇਹ ਜੋ ਪੁਲਿਸ ਚੌਕੀਆਂ ਵਿੱਚ ਬੰਬ ਧਮਾਕੇ ਹੋ ਰਹੇ ਸਨ ਪੁਲੀਸ ਲਈ ਵੀ ਵੱਡੀ ਫਿਕਰ ਵਾਲੀ ਗੱਲ ਸੀ ਇਸ ਸਬੰਧੀ ਪੁਲਿਸ ਨੇ ਨਵਾਂ ਸ਼ਹਿਰ ਤੇ ਰਾਹੋਂ ਨਾਲ ਸੰਬੰਧਿਤ ਦੋ ਨੌਜਵਾਨਾਂ ਨੂੰ ਫੜਿਆ ਵੀ ਸੀ ਜੋ ਛੋਟੀ ਉਮਰ ਦੇ ਸਨ ਤੇ ਵਿਦੇਸ਼ੀ ਬੈਠੇ ਗਲਤ ਸੋਚ ਵਾਲੇ ਲੋਕਾਂ ਦੇ ਇਸ਼ਾਰਿਆਂ ਉੱਤੇ ਇਹ ਕੰਮ ਕਰਦੇ ਸਨ।

ਅੱਜ ਸਵੇਰੇ ਪੰਜਾਬ ਨਾਲ ਸੰਬੰਧਿਤ ਤਿੰਨ ਨੌਜਵਾਨਾਂ ਗੁਰਵਿੰਦਰ ਸਿੰਘ ਗੁਰਿੰਦਰ ਸਿੰਘ ਜਸ਼ਨ ਪ੍ਰੀਤ ਵਾਹ ਉੱਤਰ ਪ੍ਰਦੇਸ਼ ਦੇ ਪੇੜੀ ਭੀਤ ਇਲਾਕੇ ਵਿੱਚ ਪੁਲਿਸ ਮੁਕਾਬਲਾ ਹੋ ਜਾਂਦਾ ਹੈ।

ਪੁਲਿਸ ਨੇ ਦੱਸਿਆ ਅੱਜ ਸਵੇਰੇ ਖਬਰ ਕਿ ਉੱਤਰ ਪ੍ਰਦੇਸ਼ ਦੇ ਪੀਲੀਭੀਤ ਇਲਾਕੇ ਦੇ ਵਿੱਚ ਤਿੰਨ ਮੋਟਰਸਾਈਕਲ ਨੌਜਵਾਨ ਸਵਾਰਾਂ ਦਾ ਯੂ ਪੀ ਤੇ ਪੰਜਾਬ ਪੁਲਿਸ ਦੇ ਸਾਂਝੇ ਅਪਰੇਸ਼ਨ ਦੌਰਾਨ ਇੱਕ ਮੁਕਾਬਲਾ ਹੁੰਦਾ ਹੈ ਜਿਸ ਵਿੱਚ ਤਿੰਨ ਨੌਜਵਾਨ ਮਾਰੇ ਜਾਂਦੇ ਹਨ ਤੇ ਉਹਨਾਂ ਤੋਂ ਇਹ ਕੇ 47 ਹੋਰ ਅਸਲਾ ਵਗੈਰਾ ਪ੍ਰਾਪਤ ਹੋਣ ਦੀਆਂ ਖਬਰਾਂ ਆਈਆਂ। ਇਸ ਸਬੰਧੀ ਜੋ ਜਾਣਕਾਰੀ ਯੂ ਪੀ ਤੇ ਪੰਜਾਬ ਪੁਲਿਸ ਵੱਲੋਂ ਦਿੱਤੀ ਗਈ ਉਸ ਅਨੁਸਾਰ ਇਹ ਤਿੰਨੇ ਨੌਜਵਾਨ ਗੁਰਦਾਸਪੁਰ ਜ਼ਿਲ੍ਹੇ ਦੇ ਕਲਾਨੌਰ ਤੇ ਇਸ ਦੇ ਨੇੜਲੇ



ਪਿੰਡਾਂ ਦੇ ਵਸਨੀਕ ਹਨ ਇਹਨਾਂ ਨੇ ਬੀਤੇ ਦਿਨੀ ਗੁਰਦਾਸਪੁਰ ਇਲਾਕੇ ਦੇ ਵਿੱਚ ਬੰਬ ਮੌਕੇ ਕੀਤੇ ਸਨ ਪੁਲਿਸ ਇਹਨਾਂ ਦੇ ਪਿੱਛੇ ਲੱਗੀ ਹੋਈ ਸੀ ਇਸ ਸਾਰੇ ਘਟਨਾਕ੍ਰਮ ਬਾਰੇ ਇਹਨਾਂ ਪਰਿਵਾਰਕ ਮੈਂਬਰਾਂ ਨੂੰ ਯੂ ਪੀ ਪੁਲਿਸ ਤੇ ਪੰਜਾਬ ਪੁਲਿਸ ਤੋਂ ਹੀ ਪਤਾ ਲੱਗਿਆ। ਇਹ ਤਿੰਨੇ ਨੌਜਵਾਨ ਅਤੇਜੋ ਪੁਲਿਸ ਮੁਕਾਬਲੇ ਵਿੱਚ ਮਾਰੇ ਗਏ ਦੱਸੇ ਜਾ ਰਹੇ ਹਨ ਤਿੰਨੋ ਹੀ ਗਰੀਬ ਪਰਿਵਾਰਾਂ ਦੇ ਨਾਲ ਸੰਬੰਧਿਤ ਹਨ। ਕਲਾਨੌਰ ਤੇ ਨਾਲ ਲੱਗਦੇ ਸਹੂਰ ਪਿੰਡ ਦੇ ਜਸ਼ਨਦੀਪ ਦਾ ਹਾਲੇ ਤਿੰਨ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ। ਕਲਾਨੌਰ ਦਾ ਨੌਜਵਾਨ ਤੇ ਇੱਕ ਹੋਰ ਨੌਜਵਾਨ ਹਾਲੇ ਕੰਵਾਰੇ ਹੀ ਸਨ।

ਇਸ ਘਟਨਾ ਕਰਮ ਦੀ ਜਾਣਕਾਰੀ ਲੈਣ ਲਈ ਪੱਤਰਕਾਰਾਂ ਦੀਆਂ ਟੀਮਾਂ ਇਹਨਾਂ ਨੌਜਵਾਨਾਂ ਦੇ ਘਰ ਗਈਆਂ ਕਲਾਨੌਰ ਵਾਲਾ ਜੋ ਨੌਜਵਾਨ ਇਸ ਮੁਕਾਬਲੇ ਵਿੱਚ ਮਾਰਿਆ ਜਾ ਰਿਹਾ ਹੈ ਉਹ ਵੀ ਗਰੀਬ ਪਰਿਵਾਰ ਤੇ ਕਲਾਨੌਰ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਹੈ ਇਸ ਤੋਂ ਇਲਾਵਾ ਜਸ਼ਨਦੀਪ ਸਿੰਘ ਵੀ ਗਰੀਬ ਪਰਿਵਾਰ ਨਾਲ ਹੀ ਸੰਬੰਧਿਤ ਹੈ ਤੇ ਉਸਦਾ ਹਾਲੇ ਤਿੰਨ ਮਹੀਨੇ ਪਹਿਲਾਂ ਵਿਆਹ ਹੋਇਆ ਸੀ ਜਸ਼ਨਦੀਪ ਦੀ ਮਾਂ ਤੇ ਪਰਿਵਾਰਿਕ ਮੈਂਬਰਾਂ ਨੇ ਕਿਹਾ ਕਿ ਅਜਿਹੀ ਕੋਈ ਗੱਲਬਾਤ ਕਦੇ ਵੀ ਸਾਹਮਣੇ ਨਹੀਂ ਸੀ ਆਈ ਤੇ ਉਹ ਸਾਨੂੰ ਗੱਡੀ ਉੱਤੇ ਡਰਾਈਵਰੀ ਕਰਨ ਦੀ ਗੱਲ ਕਰਕੇ ਘਰੋਂ ਗਿਆ ਹਾਲੇ ਉਸਨੂੰ ਇੱਕ ਹਫਤਾ ਹੀ ਹੋਇਆ ਜਦੋਂ ਅਸੀਂ ਉਸਦਾ ਮੋਬਾਇਲ ਨੰਬਰ ਲਾਉਂਦੇ ਤਾਂ ਸੁੱਚ ਬੰਦ ਹੁੰਦੀ ਤੇ ਸਾਡਾ ਕੋਈ ਸੰਪਰਕ ਨਹੀਂ ਹੋ ਸਕਿਆ ਉਸ ਤੋਂ ਬਾਅਦ ਜਦੋਂ ਅੱਜ ਪੁਲਿਸ ਸਾਡੇ ਘਰ ਆਈ ਤਾਂ ਅਸੀਂ ਸਾਰੀ ਗੱਲਬਾਤ ਸੁਣ ਕੇ ਥੱਕ ਕੇ ਬੱਕੇ ਰਹਿ ਗਏ।

ਮਾਰੇ ਗਏ ਲੜਕਿਆਂ ਦੇ ਮਾਪਿਆਂ ਨੇ ਕਿਹਾ ਕਿ ਅਸੀਂ ਇਨੇ ਗਰੀਬ ਹਾਂ ਕਿ ਯੂ ਪੀ ਤੋਂ ਜਾ ਕੇ ਆਪਣੇ ਬੱਚਿਆਂ ਦੀਆਂ ਲਾਸ਼ਾਂ ਲਿਆਉਣ ਵਿੱਚ ਵੀ ਅਸਮਰੱਥ ਹਾਂ। ਇਹ ਹੈ ਪੰਜਾਬ ਨਾਲ ਸੰਬੰਧਿਤ ਤਿੰਨ ਨੌਜਵਾਨ ਜੋ ਯੂ ਪੀ ਵਿੱਚ ਪੁਲਿਸ ਮੁਕਾਬਲੇ ਦੌਰਾਨ ਮਾਰੇ ਗਏ ਉਹਨਾਂ ਦੇ ਪਰਿਵਾਰ ਦੀ ਗਾਥਾ ਹੁਣ ਇਸ ਮਾਮਲੇ ਦੇ ਵਿੱਚ ਕਈ ਸਵਾਲ ਹਨ ਕਿ ਇਹ ਤਿੰਨੇ ਨੌਜਵਾਨ ਯੂਪੀ ਕਿਵੇਂ ਪੁੱਜਦੇ ਹਨ ਅੱਗੋਂ ਉਹਨਾਂ ਦੇ ਮੋਬਾਇਲ ਬੰਦ ਹੋ ਗਏ। ਉਸ ਤੋਂ ਬਾਅਦ ਮੋਟਰਸਾਈਕਲ ਕਿੱਥੋਂ ਮਿਲਿਆ ਉਸ ਦੇ ਉੱਪਰ ਇਹ ਕਿ 47 ਤੇ ਹੋਰ ਅਸਲਾ ਕਿੱਥੋਂ ਪ੍ਰਾਪਤ ਕੀਤਾ ਇਹ ਸਾਰੀਆਂ ਗੱਲਾਂ ਬਾਤਾਂ ਦੀ ਸੱਚਾਈ ਕੌਣ ਦੱਸ ਸਕਦਾ ਹੈ ਕਿਉਂਕਿ ਦੱਸਣ ਸਹੀ ਜਾਂ ਗਲਤ ਦੱਸਣ ਵਾਲੇ ਖੁਦ ਹੀ ਮਰ ਗਏ ਹਨ ਤੇ ਪਿੱਛੇ ਉਹਨਾਂ ਦੇ ਮਾਪੇ ਝੂਰ ਰਹੇ ਹਨ ਕੁਝ ਵੀ ਹੋਵੇ ਹੋਇਆ ਤਾਂ ਬਹੁਤ ਗਲਤ ਹੀ ਹੈ ਹੋ ਸਕਦਾ ਨੌਜਵਾਨੀ ਪੈਸੇ ਦੇ ਲਾਲਚ ਵਿੱਚ ਆ ਕੇ ਅਜਿਹੇ ਰਸਤੇ ਉੱਤੇ ਪੈ ਜਾਂਦੀ ਹੈ ਪਰ ਫਿਰ ਵੀ ਅੱਜ ਦੇ ਬਹੁਤ ਹੀ ਸੋਹਲ ਸਮੇਂ ਦੇ ਵਿੱਚ ਬੜੀ ਸੂਝਬੂਝ ਨਾਲ ਰਹਿਣਾ ਚਾਹੀਦਾ ਹੈ।

# ਆਮ ਆਦਮੀ ਪਾਰਟੀ ਦੇ ਸਤਨਾਮ ਸਿੰਘ ਸੰਨੀ ਮਾਸਟਰ ਵਾਰਡ ਨੰਬਰ 58 ਵਿੱਚੋਂ ਜੇਤੂ ,ਕੀਤੇ ਵਾਅਦੇ ਨਿਭਾਉਣਗੇ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਪੱਛਮੀ ਦੇ ਅਧੀਨ ਆਉਂਦੇ ਵਾਰਡ ਨੰਬਰ 58 ਵਿੱਚ ਆਮ ਆਦਮੀ ਪਾਰਟੀ ਦੇ ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰਾਂ ਨੂੰ ਹਰਾ ਕੇ ਸਤਨਾਮ ਸਿੰਘ ਸੰਨੀ ਮਾਸਟਰ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ। ਇਮਾਨਦਾਰ, ਪੜ੍ਹੇ ਲਿਖੇ ਮਿਹਨਤੀ ਅਤੇ ਮਿੱਠਬੋਲੜੇ ਸੁਭਾਅ ਦੇ ਮਾਲਕ ਹਨ ਵਾਰਡ ਨੰਬਰ 58 ਦੇ ਵੋਟਰ ਉਸ ਨੂੰ ਦਿਲੋਂ ਪਿਆਰ ਕਰਦੇ ਹਨ । ਜਿਸ ਸਦਕਾ ਉਹਨਾਂ ਨੇ ਸਤਨਾਮ ਸਿੰਘ ਸੰਨੀ ਮਾਸਟਰ ਨੂੰ ਭਾਰੀ ਵੋਟਾਂ ਦੇ ਫਰਕ ਨਾਲ ਜਿਤਾਇਆ। ਸਤਨਾਮ ਸਿੰਘ ਸੰਨੀ ਮਾਸਟਰ ਜੋ ਕਿ ਗੁਰਪ੍ਰੀਤ ਸਿੰਘ ਗੋਗੀ ਆਮ



ਆਦਮੀ ਪਾਰਟੀ ਵਿਧਾਇਕ ਦੇ ਨਜ਼ਦੀਕੀ ਹਨ। ਜਿਸ ਸਦਕਾ ਵਾਰਡ ਨੰਬਰ 58 ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਹੋ ਰਹੇ ਹਨ ਅਤੇ ਸੰਨੀ ਮਾਸਟਰ ਦੁਆਰਾ ਵਿਕਾਸ ਕਾਰਜਾਂ ਦੀ ਹਨੇਰੀ ਲਿਆਉਣਾ ਸੰਭਵ ਹੈ।ਸਤਨਾਮ ਸਿੰਘ ਸੰਨੀ ਮਾਸਟਰ ਦੇ ਸਹਿਯੋਗੀਆਂ ਨੇ ਦਿਨ ਰਾਤ ਮਿਹਨਤ ਕਰਕੇ ਸੰਨੀ ਮਾਸਟਰ ਦੀ ਜਿੱਤ ਦਰਜ ਕਰਵਾਈ, ਸਤਨਾਮ ਸਿੰਘ ਸੰਨੀ ਮਾਸਟਰ ਨੇ ਅੱਜ ਜਿੱਤਣ ਉਪਰੰਤ ਸਾਰੇ ਵੋਟਰਾਂ ਦਾ ਅਤੇ ਆਪਣੇ ਸਹਿਯੋਗੀਆਂ ਦਾ ਉਸਦੀ ਜਿੱਤ ਦਿਵਾਉਣ ਤੇ ਤਹਿ ਦਿਲੋਂ ਸ਼ੁਕਰਾਨਾ ਕੀਤਾ ਅਤੇ ਵਾਹਿਗੁਰੂ ਦਾ ਓਟ ਆਸਰ ਲੈਂਦੇ ਗੁਰਦੁਆਰਾ ਸਾਹਿਬ ਜਾ ਕੇ ਮੱਥਾ ਟੇਕਣ ਉਪਰੰਤ ਉਹਨਾਂ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ । ਉਹਨਾਂ ਕਿਹਾ ਵਾਹਿਗੁਰੂ ਦੀ ਅਪਾਰ ਕਿਰਪਾ ਸਦਕਾ ਅੱਜ ਜਿੱਤ ਪ੍ਰਾਪਤ ਕੀਤੀ ਹੈ । ਪਰਮਾਤਮਾ ਉਹਨਾਂ ਨੂੰ ਅੱਗੇ ਵੀ ਇਸੇ ਤਰ੍ਹਾਂ ਹੀ ਇਲਾਕੇ ਵਾਸੀਆਂ ਦੀ ਸੇਵਾ ਕਰਨ ਦਾ ਬਲ ਬਖਸ਼ੇ ਅਤੇ ਉਸ ਤੋਂ ਬਾਅਦ ਮੰਦਰ ਵਿੱਚ ਮੱਥਾ ਟੇਕਿਆ ਅਤੇ ਵਾਰਡ ਨਿਵਾਸੀਆਂ ਦੇ ਕੰਮਾਂ ਲਈ ਹਰ ਵੇਲੇ ਹਾਜ਼ਰ ਰਹਿਣ ਦੀ ਪ੍ਰਾਰਥਨਾ ਕੀਤੀ । ਇਸ ਮੌਕੇ ਉਨ੍ਹਾਂ ਨਾਲ ਭਾਰੀ ਗਿਣਤੀ ਵਿੱਚ ਇਲਾਕੇ ਦੇ ਨਿਵਾਸੀਆਂ ਨੇ ਸ਼ਿਰਕਤ ਕੀਤੀ।

# ਜੀ ਡੀ ਗੋਇਨਕਾ ਸਕੂਲ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬੜੀ ਸ਼ਰਧਾ ਭਾਵਨਾ ਨਾਲ ਕੀਤਾ ਗਿਆ ਯਾਦ

**ਕਪੂਰਥਲਾ(ਕੌੜਾ)–** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਮਾਤਾ ਗੁਜਰੀ ਜੀ ਤੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੀਰ ਬਾਲ ਦਿਵਸ ਮਨਾਇਆ ਗਿਆ।ਜਿਸ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਸਭਾ ਕਰਵਾਈ ਗਈ। ਜਿਸ ਵਿੱਚ ਵਿਦਿਆਰਥੀਆਂ ਅਤੇ ਸਟਾਫ ਨੇ ਆਪਣੇ ਧਰਮ 'ਤੇ ਅਡੋਲ ਰਹਿਣ ਅਤੇ ਬੇਇਨਸਾਫ਼ੀ ਵਿਰੁੱਧ ਬਹਾਦਰੀ ਨਾਲ ਲੜਨ ਵਾਲੇ ਚਾਰ ਸਾਹਿਬਜ਼ਾਦਿਆਂ ਦੇ ਬਲਿਦਾਨ ਨੂੰ ਸ਼ਰਧਾਂਜਲੀ ਦਿੱਤੀ। ਉਪਰੰਤ ਵਿਦਿਆਰਥੀਆਂ ਨੇ ਕਵਿਸ਼ਰੀ ਧਾਰਮਿਕ ਗੀਤਾਂ, ਅਤੇ ਕਵਿਤਾਵਾਂ



ਰਾਹੀਂ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਜੀਵਨੀ ਅਤੇ ਲਾਸਾਨੀ ਸ਼ਹਾਦਤ 'ਤੇ ਚਾਨਣਾ ਪਾਇਆ । ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਸ਼੍ਰੀਮਤੀ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਊਸ਼ਾ ਪਰਮਾਰ ਨੇ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆ ਦੀ ਸ਼ਹਾਦਤ ,ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹੈ। ਸਕੂਲਾਂ ਵਿੱਚ ਭਾਰਤ ਦੇ ਇਤਿਹਾਸਕ ਦਿਨ ਜ਼ਰੂਰ ਮਨਾਉਣੇ ਚਾਹੀਦੇ ਹਨ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਆਪਣੇ ਸੁਨਹਿਰੇ ਇਤਿਹਾਸ ਨੂੰ ਯਾਦ ਰੱਖ ਸਕੇ। ਉਨ੍ਹਾਂ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਵੱਲੋਂ ਦਿਖਾਏ ਸੱਚ ਦੇ ਰਸਤੇ 'ਤੇ ਚੱਲਣ ਦਾ ਸੁਨੇਹਾ ਦਿੱਤਾ।

# ਬੀ.ਸੀ.ਐਮ.ਸਕੂਲ ਫੋਕਲ ਪੁਆਇੰਟ ਵਿਖੇ ਸੱਤ ਰੋਜ਼ਾ ਐਨ.ਐਸ.ਐਸ ਕੈਂਪ ਦਾ ਸ਼੍ਰ: ਦਵਿੰਦਰ ਸਿੰਘ ਲੋਟੇ ਨੇ ਕੀਤਾ ਉਦਘਾਟਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)–** ਐਨ.ਐਸ.ਐਸ ਸੱਤ ਰੋਜ਼ਾ ਸਪੈਸ਼ਲ ਕੈਂਪ( ਕੁੜੀਆਂ) ਮਿਤੀ 22 ਦਸੰਬਰ 2024 ਤੋਂ 28 ਦਸੰਬਰ 2024 ਤੱਕ ਬੀ.ਸੀ.ਐਮ. ਸਕੂਲ, ਫੋਕਲ ਪੁਆਇੰਟ, ਲੁਧਿਆਣਾ ਵਿੱਚ ਲਗਾਇਆ ਜਾ ਰਿਹਾ ਹੈ ਅਤੇ ਸਫਲਤਾ ਪੂਰਵਕ ਅੱਗੇ ਵਧ ਰਿਹਾ ਹੈ। 22 ਦਸੰਬਰ ਨੂੰ ਸਾਰੇ ਵਲੰਟੀਅਰਜ਼ ਦੇ ਕੈਂਪਸ ਵਿੱਚ ਆਉਣ ਮਗਰੋਂ ਗਰੁੱਪਾਂ ਵਿੱਚ ਵੰਡਿਆ ਗਿਆ ਅਤੇ ਵੱਖ-ਵੱਖ ਡਿਉਟੀਆਂ ਦਿੱਤੀਆਂ ਗਈਆਂ। ਦੁਪਹਿਰ ਨੂੰ ਹੋਏ ਸੈਮੀਨਾਰ ਵਿੱਚ ਡਾ. ਸੁਖਪਾਲ ਕੌਰ ਜੀ ਨੇ ਸਾਰੇ ਵਲੰਟੀਅਰਜ਼ ਨੂੰ ਆਪਣੇ ਚਰਿੱਤਰ ਦਾ ਨਿਰਮਾਣ ਕਰਨ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਜੁੜਨ ਲਈ ਪ੍ਰੇਰਿਤ ਕੀਤਾ । ਸ਼ਾਮ ਨੂੰ ਵਲੰਟੀਅਰਜ਼ ਦਾ ਨਸ਼ਿਆਂ ਵਿਰੁੱਧ ਸਲੋਗਨ ਲਿਖਣ ਦਾ ਮੁਕਾਬਲਾ ਕਰਵਾਇਆ ਗਿਆ । 23 ਦਸੰਬਰ 2024 ਨੂੰ ਕੈਂਪ ਦਾ ਉਦਘਾਟਨ ਸਮਾਰੋਹ ਹੋਇਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਸਰਦਾਰ ਦਵਿੰਦਰ ਸਿੰਘ ਜੀ ਲੋਟੇ (ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ, ਲੁਧਿਆਣਾ) ਨੇ ਰਿਬਨ ਕੱਟ ਕੇ ਕੈਂਪ ਦਾ ਉਦਘਾਟਨ ਕੀਤਾ ਅਤੇ ਉਸ ਤੋਂ ਬਾਅਦ ਕੈਂਪ ਸਟਾਫ ਤੇ ਸਾਰੇ ਮਹਿਮਾਨਾਂ ਨੇ ਰਲ ਕੇ ਸ਼ਮਾਂ ਰੋਸ਼ਨ ਕੀਤੀ। ਵਲੰਟੀਅਰਜ਼ ਨੇ ਗਣੇਸ਼ ਵੰਦਨਾ ਕੀਤੀ, ਐਨ.ਐਸ.ਐਸ. ਗੀਤ ਗਾਇਆ ਅਤੇ ਨਾਰੀ ਸ਼ਕਤੀ ਦੇ ਭਾਵਾਂ ਨੂੰ ਪ੍ਰਗਟ ਕਰਦਾ ਇੱਕ ਸੁੰਦਰ ਡਾਂਸ ਪੇਸ਼ ਕਰਕੇ ਸਾਰੀ ਫਿਜ਼ਾ ਨੂੰ ਮਨਮੋਹਕ ਬਣਾ ਦਿੱਤਾ। ਕੈਂਪ ਕਮਾਂਡਰ ਸ਼੍ਰੀਮਤੀ ਰਜਨੀ ਮਹਾਜਨ ਜੀ ਨੇ ਵਲੰਟੀਅਰਜ਼ ਨੂੰ ਐਨ.ਐਸ.ਐਸ. ਦੇ ਉਦੇਸ਼ਾਂ ਬਾਰੇ ਜਾਣੂ ਕਰਵਾਇਆ। ਸਰਦਾਰ ਦਵਿੰਦਰ ਸਿੰਘ ਜੀ ਨੇ ਐਨ.ਐਸ.ਐਸ. ਵਲੰਟੀਅਰਜ਼ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਤੁਸੀਂ ਭਾਗਾਂ ਵਾਲੇ ਹੋ ਜੋ ਇਸ ਕੈਂਪ ਵਿੱਚ ਭਾਗ ਲੈ ਰਹੇ ਹੋ। ਤੁਹਾਨੂੰ ਚੰਗੇ ਬੰਦਿਆਂ ਦੀ ਸੰਗਤ ਕਰਨੀ ਚਾਹੀਦੀ ਹੈ ਅਤੇ ਆਪਣੇ ਵਿਚਾਰ ਉੱਚੇ ਰੱਖਣੇ ਚਾਹੀਦੇ ਹਨ ,ਅਧਿਆਪਕ ਅਤੇ ਮਾਪਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਉਹੀ ਤੁਹਾਡਾ ਭਲਾ ਚਾਹੁੰਦੇ ਹਨ ਅਤੇ ਪਰਿਵਾਰਿਕ ਸਾਂਝ ਨੂੰ ਬਣਾ ਕੇ ਰੱਖਣਾ ਹੈ ਅਤੇ ਆਪਣੀ ਦੇਸ਼ ਦੇ ਮਹਾਨ ਵਿਰਸੇ ਅਤੇ ਵਿਰਾਸਤ ਨੂੰ ਸੰਭਾਲਣਾ ਹੈ । ਹੈੱਡ ਅਕਾਦਮਿਕ ਸ਼੍ਰੀਮਤੀ ਸਿੰਪਲ ਵਰਮਾ ਜੀ ਨੇ ਕਿਹਾ ਕਿ ਤੁਸੀਂ ਭਾਗਾਂ ਵਾਲੇ ਹੋ ਤੁਹਾਡੇ ਸਕੂਲ ਵਿੱਚ ਐਨ.ਐਸ.ਐਸ. ਕੈਂਪ ਲਗਾਇਆ ਜਾ ਰਿਹਾ ਹੈ। ਇੱਥੇ ਰਹਿ ਕੇ ਤੁਹਾਨੂੰ ਕਾਫੀ ਕੁਝ ਸਿੱਖਣ ਦਾ ਮੌਕਾ ਮਿਲੇਗਾ ਅਤੇ ਤੁਸੀਂ ਜਾਣ ਸਕਦੇ ਹੋ ਕਿ ਸੱਤ ਦਿਨ ਮੋਬਾਈਲ ਤੋਂ ਦੂਰ ਰਹਿ ਕੇ ਤੁਸੀਂ ਵਧੀਆ ਢੰਗ ਨਾਲ ਜ਼ਿੰਦਗੀ ਗੁਜ਼ਾਰ ਸਕਦੇ ਹੋ । ਪ੍ਰਿੰਸੀਪਲ ਸ਼੍ਰੀਮਤੀ ਨੀਰੂ ਕੋੜਾ ਜੀ ਨੇ ਐਨ.ਐਸ.ਐਸ. ਵਲੰਟੀਅਰਜ਼ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਕੈਂਪ ਤੋਂ ਬਾਅਦ ਤੁਸੀਂ ਹੋਰ ਜ਼ਿੰਮੇਵਾਰ, ਮਿਹਨਤੀ ਅਤੇ ਅਨੁਸ਼ਾਸਿਤ ਵਿਦਿਆਰਥੀ ਬਣ ਸਕੋਗੇ ਅਤੇ ਉਹਨਾਂ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸਮਾਰੋਹ ਵਿੱਚ ਸੇਵਾ ਮੁਕਤ ਅਧਿਆਪਕ ਸ਼੍ਰੀਮਤੀ ਗੁਰਵਿੰਦਰ ਕੌਰ ਜੀ ਅਤੇ ਸਹਾਇਕ ਪ੍ਰੋਗਰਾਮ ਅਫਸਰ ਰੀਟਾ ਵਰਮਾ ਜੀ , ਸ਼੍ਰੀਮਤੀ ਮੋਨਿਕਾ ਭੱਟੀ , ਮਿਸ ਨੈਨਸੀ ਅਤੇ ਮਿਸ ਅਨੁਰਾਧਾ ਵੀ ਸ਼ਾਮਲ ਸਨ।





# ਤਰਕਸ਼ੀਲਾਂ ਦੇ ਸੂਬਾਈ ਸਨਮਾਨ ਸਮਾਗਮ ਵਿੱਚ ਇਕਾਈ ਸੰਗਰੂਰ ਨੂੰ ਚੰਗੀ ਕਾਰਗੁਜ਼ਾਰੀ ਲਈ ਸਨਮਾਨਿਤ ਕੀਤਾ ਗਿਆ

**ਸੰਗਰੂਰ ।** ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਛੇਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਸੂਬਾਈ ਪੱਧਰ ਤੇ ਅਹਿਮ ਸਥਾਨ ਹਾਸਿਲ ਕਰਨ ਵਾਲੇ 30 ਵਿਦਿਆਰਥੀਆਂ ਤੇ 20 ਤਰਕਸ਼ੀਲ ਇਕਾਈਆਂ ਨੂੰ ਇਕ ਵਿਸ਼ੇਸ਼ ਸੂਬਾਈ ਸਨਮਾਨ ਸਮਾਗਮ ਵਿੱਚ ਸਨਮਾਨਿਤ ਕੀਤਾ ਗਿਆ। ਤਰਕਸ਼ੀਲ ਭਵਨ ਵਿੱਚ ਹੋਏ ਇਸ ਸਮਾਗਮ ਵਿੱਚ ਵਿਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿਚ ਤਰਕਸ਼ੀਲ ਇਕਾਈਆਂ ਦੇ ਕਾਰਕੁਨਾਂ, ਵਿਦਿਆਰਥੀਆਂ ਅਤੇ ਸਕੂਲ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਦੇ ਮੁੱਖ ਬੁਲਾਰੇ ਨਾਮਵਰ ਸਾਹਿਤਕਾਰ ਅਤੇ ਚਿੰਤਕ ਡਾ.ਹਰਵਿੰਦਰ ਭੰਡਾਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਵਿਗਿਆਨਕ ਚੇਤਨਾ ਅੱਜ ਤੱਕ ਦੇ ਮਨੁੱਖੀ ਵਿਕਾਸ ਦਾ ਮੁੱਖ ਆਧਾਰ ਹੈ। ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਪਿਛਲੇ ਛੇ ਸਾਲਾਂ ਤੋਂ ਕਰਵਾਈ ਜਾ ਰਹੀ ਵਿੱਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਦੇ ਮਕਸਦ ਅਤੇ ਵਿਗਿਆਨਕ ਚੇਤਨਾ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਇਸ ਮੌਕੇ ਸੂਬਾਈ ਪੱਧਰ ਤੇ ਛੇਵੀਂ ਤੋਂ ਅਪਰ ਸੈਕੰਡਰੀ ਜਮਾਤ ਵਿਚ ਅਹਿਮ ਸਥਾਨ ਹਾਸਿਲ ਕਰਨ ਵਾਲੇ ਮਿਡਲ ਅਤੇ ਸੈਕੰਡਰੀ ਗਰੁੱਪ ਦੇ ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀਲ ਕਿਤਾਬਾਂ,ਯਾਦਗਾਰੀ ਚਿੰਨ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਉੱਤਮ ਕਾਰਗੁਜ਼ਾਰੀ ਵਿਖਾਉਣ ਵਾਲੀਆਂ ਇਕਾਈਆਂ ਵਿੱਚ ਸੰਗਰੂਰ ਇਕਾਈ ਨੂੰ ਜੋਨ ਸੰਗਰੂਰ- ਬਰਨਾਲਾ ਵਿੱਚ ਪਹਿਲੇ ਸਥਾਨ ਤੇ ਸੂਬੇ ਵਿੱਚ ਦੂਜੇ ਸਥਾਨ ਤੇ ਰਹਿਣ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਦਰਸ਼ ਪਬਲਿਕ ਸਕੂਲ ਸ਼ੁਤਰਾਣਾ ਦੇ ਵਿਦਿਆਰਥੀਆਂ ਵੱਲੋਂ ਕੋਰਿਓਗ੍ਰਾਫੀ ਪੇਸ਼ ਕੀਤੀ ਗਈ।ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਨੇ ਬਾਖੂਬੀ ਨਿਭਾਈ ਜਦਕਿ ਮਾਸਟਰ ਰਾਜਿੰਦਰ ਭਦੌੜ ਨੇ ਚੇਤਨਾ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਸਕੂਲ ਮੁਖੀਆਂ ,ਪ੍ਰਬੰਧਕਾਂ , ਅਧਿਆਪਕਾਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ।



**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# "ਇਨਰਵ੍ਹੀਲ ਕਲੱਬ ਕਪੂਰਥਲਾ ਵੱਲੋਂ ਸਲਾਨਾ ਚੇਅਰਮੈਨ ਵਿਜ਼ਿਟ" ਮੌਕੇ ਸਮਾਰੋਹ ਆਯੋਜਿਤ

## 101 ਸਾਲ ਪੂਰੇ ਹੋਣ ਤੇ ਭਲਾਈ ਕਾਰਜ ਵੀ 101 ਦੀ ਗਿਣਤੀ ਵਿੱਚ ਕੀਤੇ ਜਾ ਰਹੇ – ਮਨਮੋਹਨ ਸੂਰੀ

**ਕਪੂਰਥਲਾ (ਕੌੜਾ)–** ਇਨਰਵ੍ਹੀਲ ਕਲੱਬ ਕਪੂਰਥਲਾ ਵਿਖੇ ਚੇਅਰਮੈਨ ਸ੍ਰੀਮਤੀ ਮਨਮੋਹਣ ਕੌਰ ਸੂਰੀ ਵੱਲੋਂ ਵਿਜ਼ਿਟ ਕੀਤਾ ਗਿਆ। ਸ਼ੁਰੂਆਤ ਵਿੱਚ ਪ੍ਰਧਾਨ ਪਰਵੀਨ ਕੌਰ ਵੱਲੋਂ ਪ੍ਰੋਗਰਾਮ ਸ਼ੁਰੂ ਕਰਨ ਦੀ ਘੋਸ਼ਣਾ ਮਗਰੋਂ ਮੁੱਖ ਮਹਿਮਾਨ ਵੱਲੋਂ ਸ਼ਮ੍ਹਾਂ ਰੌਸ਼ਨ ਕੀਤੀ ਗਈ। ਮੁੱਖ ਮਹਿਮਾਨ ਦੇ ਸਵਾਗਤ ਵਿੱਚ ਕਲੱਬ ਮੈਂਬਰਾਂ ਵੱਲੋਂ ਤਕਰੀਰਾਂ ਅਤੇ ਜਾਣ ਪਛਾਣ ਕਰਵਾਈ ਗਈ। ਵਿਜ਼ਿਟ ਦੌਰਾਨ ਸ੍ਰੀਮਤੀ ਮਨਮੋਹਣ ਸੂਰੀ ਵੱਲੋਂ ਕਲੱਬ ਦੀ ਕਾਰਜਕਾਰੀ ਕਮੇਟੀ ਵੱਲੋਂ ਬਣਾਏ ਗਏ ਰਿਕਾਰਡ ਦੀ ਜਾਂਚ ਤੇ ਸਮੀਖਿਆ ਕੀਤੀ ਗਈ । ਇਸ ਤੋਂ ਇਲਾਵਾ ਕਲੱਬ ਵੱਲੋਂ ਕੀਤੇ ਸਮਾਜ ਭਲਾਈ ਦੇ ਕਾਰਜਾਂ ਜਿਵੇਂ ਕਿ ਗਰੀਬ ਲੜਕੀ ਦੇ ਵਿਆਹ ਵਿੱਚ ਸਹਿਯੋਗ, ਕੋਹੜੀ ਆਸ਼ਰਮ ਤੇ ਅਨਾਥ ਆਸ਼ਰਮ ਵਿੱਚ ਰਾਸ਼ਨ ਕਪੜੇ ਕੰਬਲ ਦਵਾਈਆਂ ਅਤੇ ਮਾਇਕ ਸਹਾਇਤਾ, ਡੌਗ ਸ਼ੈਲਟਰ ਹੋਮ ਤੇ ਗਊਸ਼ਾਲਾ ਵਿੱਚ ਖੁਰਾਕ ਮੁਹੱਈਆ ਕਰਵਾਉਣ ਅਤੇ ਰੁੱਖ ਲਗਾਉਣ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭੰਡਾਲ ਦੋਨਾਂ ਵਿਖੇ ਦੋ ਸੀਲਿੰਗ ਪੱਖੇ ਲਗਵਾਏ ਗਏ। ਮਾਂ ਦੇ ਦੁੱਧ ਦੀ ਮਹੱਤਤਾ ਅਤੇ ਔਰਤਾਂ ਵਿਰੁੱਧ ਹਿੰਸਾ ਦੀ ਰੋਕਥਾਮ ਸਬੰਧੀ ਵਿੱਦਿਅਕ ਅਦਾਰਿਆਂ ਵਿੱਚ ਜਾਗਰੂਕਤਾ ਸੈਮੀਨਾਰ ਕਰਵਾਏ ਗਏ। ਜਿਵੇਂ ਕਿ ਅੰਤਰਰਾਸ਼ਟਰੀ ਇਨਰਵ੍ਹੀਲ ਕਲੱਬ ਇਸ ਸਾਲ ਇੱਕ ਸੌ ਇੱਕ ਵਰ੍ਹੇ ਪੂਰੇ ਕਰ ਚੁੱਕਾ ਹੈ। ਇਸ ਲਈ ਸਾਰੇ ਭਲਾਈ ਕਾਰਜ ਇੱਕ ਸੌ ਇੱਕ ਦੀ ਗਿਣਤੀ ਵਿੱਚ ਕੀਤੇ ਜਾ ਰਹੇ ਹਨ। ਜਿਵੇਂ ਕਿ ਇੱਕ ਸੌ ਇੱਕ ਰੁੱਖ ਲਗਾਉਣਾ, ਝੁੱਗੀ ਝੌਂਪੜੀ ਵਸਨੀਕਾਂ ਨੂੰ ਇੱਕ ਸੌ ਇੱਕ ਗਰਮ ਲੋਈਆਂ ਤਕਸੀਮ ਕਰਨਾ ਆਦਿ। ਚੇਅਰਮੈਨ ਸ੍ਰੀਮਤੀ ਮਨਮੋਹਣ ਸੂਰੀ ਵੱਲੋਂ ਕਲੱਬ ਵੱਲੋਂ ਕੀਤੇ ਭਲਾਈ ਕਾਰਜਾਂ ਦੀ ਖੂਬ ਪ੍ਰਸ਼ੰਸਾ ਕੀਤੀ ਗਈ ਅਤੇ ਆਉਂਦੇ ਸਮੇਂ ਵਿੱਚ ਹੋਰ ਨੇਕ ਕਾਰਜਾਂ ਲਈ ਸ਼ੁੱਭ ਇੱਛਾਵਾਂ ਦਿੱਤੀਆਂ ਗਈਆਂ । ਮੀਟਿੰਗ ਵਿੱਚ ਐੱਲ ਐੱਲ ਡਬਲਿਊ ਡਾ ਸੁਰਜੀਤ ਕੌਰ, ਡੀ ਸੀ ਸੀ ਸੀ ਸੀ ਸੋਨਿਕਾ ਗੁਪਤਾ, ਪ੍ਰਧਾਨ ਪਰਵੀਨ ਕੌਰ, ਸਕੱਤਰ ਜਸਲੀਨ ਕੌਰ, ਮੀਤ ਪ੍ਰਧਾਨ ਮੀਨਾ ਸੇਠੀ, ਸਾਬਕਾ ਪ੍ਰਧਾਨ ਸੁਰਜੀਤ ਕੌਰ ਔਜਲਾ, ਐਡੀਟਰ ਕੋਮਲ ਗੁਪਤਾ, ਰਿਤੂ ਅਗਰਵਾਲ, ਮਧੂ ਵਾਲੀਆ, ਸਵਿਤਾ ਸ਼ਰਮਾ, ਵਿਜੈ ਸ਼ਰਮਾ, ਸਾਬਕਾ ਮੈਂਬਰ ਪੁਸ਼ਪਾ ਅਰੋੜਾ, ਸਾਬਕਾ ਮੈਂਬਰ ਦੀਪਸ਼ਿਖਾ, ਸੁਲਤਾਨ ਪੁਰ ਲੋਧੀ ਕਲੱਬ ਪ੍ਰਧਾਨ ਸਤਵੰਤ ਕੌਰ ਤੋਂ ਇਲਾਵਾ ਬੇਗੋਵਾਲ, ਸ਼ੇਖੂਪੁਰ ਤੇ ਕਪੂਰਥਲਾ ਇਲੀਟ ਕਲੱਬਾਂ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ।



## ਸਿੱਖਿਆ, ਜਾਣਕਾਰੀ ਅਤੇ ਗਿਆਨ

ਲੈ ਕੇ ਪੰਡ ਡਿਗਰੀ ਡਿਪਲੋਮਿਆਂ ਦੀ ,
ਕਈ ਬੰਦੇ ਗਧੇ ਹੀ ਰਹਿੰਦੇ ਨੇ ।
ਐਪਰ ਜਿਸ ਨੂੰ ਵੀ ਜਦ ਵੀ ਮਿਲਦੇ ਨੇ ,
ਅੰਕਲ ਜਾਂ ਫ਼ਿਰ ਆਂਟੀ ਕਹਿੰਦੇ ਨੇ ।
ਮਾਂ ਤੇ ਪਿਓ ਨੂੰ ਮੌਮ ਤੇ ਡੈਡ ਕਹਿ ਕੇ ,
ਪੁੱਤ ਬਣਨਾ ਚਾਹੁੰਦੇ ਮਾਸੀਆਂ ਦੇ ;
ਪਾਉਂਦੇ ਕਦਰ ਨਾ ਰਿਸ਼ਤੇ ਨਾਤਿਆਂ ਦੀ ,
ਨਿੱਤ ਜਣੇਂ ਖਣੇਂ ਨਾਲ਼ ਖਹਿੰਦੇ ਨੇ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਚਲਦੇ ਚਲਦੇ ਕੁਝ ਹਲਕਾ ਫੁਲਕਾ

ਚਿੱਟੇ ਬਗਲੇ ਸੰਸਦ ਅੰਦਰ ਕਾਂ ਕਾਂ ਕਾਂ ਕਾਂ ਕਰਦੇ ਨੇ ।
ਘਰ ਘਰ ਅੰਦਰ ਭੁੱਖੇ ਬੱਚੇ ਮਾਂ ਮਾਂ ਮਾਂ ਮਾਂ ਕਰਦੇ ਨੇ ।
ਮਾਨਵਤਾ ਦੀ ਗੱਲ ਨਾ ਕਰਦੇ ਗੂੰਗੇ ਬੋਲੇ ਨੇਤਾ ਨੇ ,
ਸਾਰਾ ਦਿਨ ਹੀ ਮਾਈਕ ਅੱਗੇ ਗਾਂ ਗਾਂ ਗਾਂ ਗਾਂ ਕਰਦੇ ਨੇ ।
ਨੇਤਾ ਜੀ ਦੇ ਖਾਤੇ ਅੰਦਰ ਗਿਣਤੀ ਕਰਨੀ ਮੁਸ਼ਕਿਲ ਹੈ ,
ਸਾਡੇ ਤਾਂ ਜੀ ਸਾਰੇ ਖਾਤੇ ਭਾਂ ਭਾਂ ਭਾਂ ਭਾਂ ਕਰਦੇ ਨੇ ।
ਵੱਜੇ ਥੱਪੜ ਕੰਨਾਂ ਉੱਤੇ , ਹੋਰ ਤਾਂ ਕੁਝ ਵੀ ਸੁਣਦਾ ਨਹੀਂ ,
ਬੱਸ ਫਿਰ ਬੋਲ ਤਾਂ ਕੰਨਾਂ ਅੰਦਰ ਸਾਂ ਸਾਂ ਸਾਂ ਸਾਂ ਕਰਦੇ ਨੇ ।



**ਡਾਕਟਰ ਇੰਦਰਜੀਤ ਕਮਲ**

for more news visit:
www.samajweekly.com

## ਵਿਡੰਬਨਾ !

ਸਾਡੇ ਰੋਪੜ ਤੋਂ ਪੈਂਦਾ 60 ਮੀਲ ਕੁ ਅੰਬਾਲਾ।
ਪਰ ਵਿਰਸੇ, ਰਵਾਇਤਾਂ ਵਿੱਚ ਫਰਕ ਹੈ ਬਾਹਲ਼ਾ।
ਉੱਥੇ ਛੋਕਰਾ ਹੋ ਜਾਵੇ ਸਾਡੇ ਸ਼ਹਿਰ ਵਾਲਾ ਮੁੰਡਾ।
ਉੱਥੇ ਸੁਣੀਂਦਾ ਏ ਲੱਠ ਜਿਹੜਾ ਸਾਡੇ ਹੁੰਦਾ ਖੂੰਡਾ।
ਸਾਡੀ ਰੋਟੀ ਉੱਥੇ ਖਾਣਾ, ਬਣੇ ਚਾਦਰੇ ਦੀ ਧੋਤੀ।
ਐਥੇ ਮੱਝ ਉੱਥੇ ਮ੍ਹੈਸ, ਉੱਥੇ ਗਧੀ ਐਥੇ ਖੋਤੀ।
ਸਾਡੇ ਕਿੱਕਲੀ ਤੇ ਗਿੱਧੇ, ਉੱਥੇ ਝਾਮਣ ਜਾਂ ਝੋਲ।
ਐਥੇ ਕੀਮਤਾਂ ਤੇ ਭਾਅ, ਉੱਥੇ ਦਾਮ ਤੇ ਜਾਂ ਮੋਲ।
ਸਾਡੇ ਨਿੱਕਲਦੀ ਜਾਗੋ, ਉੱਥੇ ਹੋਵੇ ਘੁੜਚੜ੍ਹੀ।
ਐਥੇ ਵੱਡਾ-ਨਿੱਕਾ-ਵੱਡੀ, ਉੱਥੇ ਬੜਾ-ਛੋਟਾ-ਬੜੀ।
ਅਸੀਂ ਸਾਂਢ ਤੇ ਜਾਂ ਸਾਨ੍ਹ, ਉਹ ਆਖਦੇ ਨੇ ਸੰਢਾ।
ਸਾਡੀ ਨਾਨਕਿਆਂ ਦੀ ਛੱਕ, ਉਹ ਬੰਨ੍ਹਦੇ ਨੇ ਮੰਢ੍ਹਾ।
ਸਾਡੇ ਪਿੰਡਾਂ ਵਾਲ਼ੇ ਟੋਭ੍ਹੇ, ਹੁੰਦੇ ਉਹਨਾਂ ਦੇ ਨੇ ਜੋਹੜ।
ਜਿਹੜੇ ਉਹਨਾਂ ਲਈ ਬਰੋਟੇ, ਸਾਡੀ ਸੱਥਾਂ ਦੇ ਨੇ ਬੋਹੜ।
ਸਾਡੀ ਪੈਲੀ 'ਚ ਕਮਾਦ, ਉੱਥੇ ਖੇਤਾਂ ਵਿੱਚ ਈਖ।
ਸਾਨੂੰ ਸਿਖਿਆ-ਅਕਲ, ਉੱਥੇ ਮਿਲਦੀ ਹੈ ਸੀਖ।
ਪਰ ਕੰਮ ਲਈ ਕਦੇ ਵੀ ਉੱਥੇ ਜਾਣਾ ਅਸੀ ਚਾਹੀਏ।
ਲਾ ਕੇ 100 ਕੁ ਰੁਪਈਏ ਸੋਖਿਆਂ ਹੀ ਪਹੁੰਚ ਜਾਈਏ।
ਹੁਣ ਅੱਗੇ ਗੱਲ ਮੇਰੀ ਪੜ੍ਹੋ ਨਾਲ ਜਰਾ ਗੋਰ।
ਸਾਡੇ ਰੋਪੜੋਂ ਹੀ ਪੈਂਦਾ 200 ਮੀਲ ਕੁ ਲਾਹੋਰ।
ਖਾਣ-ਪੀਣ, ਪਹਿਰਾਵਾ, ਬੋਲ਼ੀ, ਭੰਗੜੇ ਤੇ ਗੀਤ।
ਸਾਝੇਂ ਰਸਮੋ-ਰਿਵਾਜ ਚੱਲੇ ਇੱਕੋ ਜਿਹੀ ਰੀਤ।
ਹੋਵੇ ਜਾਣ ਦਾ ਜੇ ਮਨ ਤਾਂ ਅਧੂਰੀਆਂ ਨੇ ਰੀਝਾਂ।
ਪੱਕੀ ਲੱਗੀ ਕੰਡਾ-ਤਾਰ ਸੋਖਾ ਮਿਲਦਾ ਨੀ' ਵੀਜ਼ਾ।
ਚੰਦ ਬੰਦਿਆਂ ਦੀ ਮੈਂ ਮੈਂ ਐਸੀ ਕਰ ਦਿੱਤੀ ਵੰਡ।
ਸਾਂਝੇ ਪਿਆਰ-ਭਾਈਚਾਰੇ ਦਿੱਤੇ ਪਲਾਂ ਵਿੱਚ ਛੰਡ।
ਵੰਡੇ ਮਿਰਜ਼ੇ ਤੇ ਰਾਂਝੇ, ਜੱਗੇ-ਦੁੱਲੇ, ਸਹਿਬਾਂ-ਹੀਰ।
ਰਹਿ ਗਏ ਦੂਰ ਨਨਕਾਣੇ, ਛੁੱਟੇ ਉਹਨਾਂ ਦੇ ਵੀ ਪੀਰ।
ਭੈੜੀ ਸਿਆਸਤਾਂ ਦੀ ਭੇਟਾ, ਚੜ੍ਹੇ ਜਨਤਾ-ਆਵਾਮ।
ਟੁੱਟੇ ਫ਼ਤਿਹ-ਨਮਸਕਾਰ, ਖਿੰਡ-ਪੁੰਡ ਗਈ ਸਲਾਮ।
ਰੋਮੀ ਸੋਚਦਾ ਘੜਾਮੇ ਸਾਥੋਂ ਚੰਗੇ ਨੇ ਜਨੌਰ।
ਘੁੰਮ ਆਉਂਦੇ ਨੇ ਬੇਖੌਫ਼ ਜੋ ਕਰਾਚੀ ਤੇ ਲਾਹੌਰ।
ਘੁੰਮ ਆਉਂਦੇ ਨੇ ਬੇਖੌਫ਼, ਜੋ ਕਰਾਚੀ ਤੇ ਲਾਹੌਰ।
ਘੁੰਮ ਆਉਂਦੇ ਨੇ ਬੇਖੌਫ਼ ................।



**ਰੋਮੀ ਘੜਾਮਾਂ**
9855281105 (ਵਟਸਪ ਨੰ.)

## ਬੱਚਿਆਂ ਨੂੰ ਸਰਹੰਦ ਦਿਖਾਇਓ....

ਬੱਚਿਆਂ ਨੂੰ ਸਰਹੰਦ ਦਿਖਾਇਓ,
ਲਾਲਾਂ ਵਾਲੀ ਕੰਧ ਦਿਖਾਇਓ।
ਔਖਾ ਬਿਖੜਾ ਪੈਂਡਾ ਸੀ ਕਿੰਨਾਂ,
ਕੰਡਿਆਂ ਭਰਿਆ ਪੰਧ ਦਿਖਾਇਓ।
ਬੱਚਿਆਂ ਨੂੰ......
ਕਲਗੀਧਰ ਦੇ ਪੁੱਤਰਾਂ ਨੂੰ,
ਸਮਝਿਓ ਨਾ ਕੋਈ ਐਸੇ ਵੈਸੇ।
ਯੋਧਿਆਂ ਵਾਂਗਰ ਡਟੇ ਰਹੇ ਸੀ,
ਜ਼ੁਲਮ ਹੁੰਦੇ ਸੀ ਜੈਸੇ ਜੈਸੇ।
ਹਰ ਇੱਕ ਗੱਲ ਨੂੰ ਚੇਤੇ ਰੱਖਿਓ,
ਜ਼ੁਲਮਾਂ ਦੀ ਤੁਸਾਂ ਹੱਦ ਦਿਖਾਇਓ।
ਬੱਚਿਆਂ ਨੂੰ......
ਛੋਟੇ- ਛੋਟੇ ਕੱਚੀ ਉਮਰ ਦੇ,
ਵੱਡੇ ਉਹ ਜਿਗਰੇ ਵਾਲ਼ੇ ਸੀ।
ਪਿਤਾ ਗੁਰੂ ਨੇ ਸਿੱਖਿਆ ਦੇ ਕੇ,
ਉੱਚੀ ਸੋਚ ਦੇ ਨਾਲ਼ ਪਾਲੇ ਸੀ।
ਸੱਚੋ ਸੱਚੀਂ ਸੱਭ ਆਖ ਦਿਓ,
ਨਾ ਕੋਈ ਘੱਟ ਨਾ ਵੱਧ ਦਿਖਾਇਓ।
ਬੱਚਿਆਂ ਨੂੰ.....
ਕੁਰਬਾਨੀ ਦੇ ਵਰਕੇ ਇਹ,
ਪੜ੍ਹ ਕੇ ਹੀ ਨਾ ਛੱਡ ਦਿਓ।
ਇਤਿਹਾਸ ਬਣਾਉਣ ਵਾਲਿਆਂ ਨੂੰ,
ਦਿਲਾਂ ਵਿੱਚੋਂ ਨਾ ਕੱਢ ਦਿਓ।
ਠੰਢੇ ਬੁਰਜ਼ ਦੀ ਠੰਢੀ ਠਾਰਦੀ,
ਬੱਚਿਆਂ ਨੂੰ ਵੀ ਠੰਢ ਦਿਖਾਇਓ।
ਬੱਚਿਆਂ ਨੂੰ ਸਰਹੰਦ ਦਿਖਾਇਓ,
ਲਾਲਾਂ ਵਾਲੀ ਕੰਧ ਦਿਖਾਇਓ।



**ਮਨਜੀਤ ਕੌਰ ਧੀਮਾਨ,**
**ਸ਼ੇਰਪੁਰ, ਲੁਧਿਆਣਾ।**
**ਸੰ:9464633059**



# ਸੰਗੀਤ ਦੇ ਅੰਬਰ ਦਾ ਅਮਰ ਸਿਤਾਰਾ, ਮੁਹੰਮਦ ਰਫ਼ੀ

## ਅੱਜ 100 ਵੇਂ ਜਨਮ ਦਿਨ ਮੌਕੇ ਮੌਸੀਕੀ ਦੇ ਪੈਗੰਬਰ ਨੂੰ ਯਾਦ ਕਰਦਿਆਂ....

ਮੁਹੰਮਦ ਰਫੀ ਦਾ ਜਨਮ 24 ਦਸੰਬਰ 1924 ਨੂੰ ਅੰਮ੍ਰਿਤਸਰ 'ਚ ਪੈਂਦੇ ਇੱਕ ਛੋਟੇ ਜਿਹੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਖੇ ਹੋਇਆ ਸੀ। ਰਫੀ ਨੂੰ ਸੰਗੀਤ ਪਰਿਵਾਰਕ ਵਿਰ-ਾਸਤ 'ਚ ਨਹੀਂ ਮਿਲਿਆ। ਰਫੀ ਨੂੰ ਬਚਪਨ ਤੋਂ ਹੀ ਗਾਉਣ ਦਾ ਬਹੁਤ ਸ਼ੌਕ ਸੀ ਪਰ ਉਸਦੇ ਪਿਤਾ ਗਾਉਣ ਦੇ ਸਖਤ ਖਿਲਾਫ ਸਨ ਕਿਉਂਕਿ ਰਫੀ ਦੇ ਪਿਤਾ ਨੂੰ ਰਫੀ ਦਾ ਗਾਇਕ ਬਣਨਾ ਬਿਲਕੁਲ ਵੀ ਪਸੰਦ ਨਹੀਂ ਸੀ। ਜਦੋਂ ਰਫ਼ੀ 15 ਸਾਲ ਦੇ ਹੋਏ ਤਾਂ ਰਫ਼ੀ ਨੇ ਆਪਣੇ ਵੱਡੇ ਭਰਾ ਦੀ ਮਦਦ ਨਾਲ ਸੰਗੀਤ ਸਿਖਿਆ ਹਾਸਿਲ ਕੀਤੀ। ਫੇਰ ਉਨ੍ਹਾਂ ਨੂੰ ਲਾਹੌਰ ਤੋਂ ਜਨਾਬ ਹਾਮਿਦ ਸਾਹਿਬ ਨੇ ਆਲ ਇੰਡੀਆ ਰੇਡੀਓ ਤੇ ਕੁੰਦਨ ਲਾਲ ਸਹਿਗਲ ਦੇ ਇਕ ਪ੍ਰੋਗਰਾਮ ਵਿੱਚ ਗਾਉਣ ਦਾ ਮੌਕਾ ਦਿੱਤਾ। ਉਸ ਸਮੇਂ ਦੇ ਮਸ਼ਹੂਰ ਸੰਗੀਤਕਾਰ ਸ਼ਿਆਮਸੁੰਦਰ ਨੇ ਰਫੀ ਦੀ ਇਸ ਪ੍ਰਤਿਭਾ ਨੂੰ ਸਮਝਿਆ ਅਤੇ ਉਹ ਰਫੀ ਦੇ ਇਹਨੇ ਦੀਵਾਨੇ ਹੋ ਗਏ ਕਿ ਉਹ ਰਫੀ ਨੂੰ ਮੁੰਬਈ ਲੈ ਆਏ ਅਤੇ ਉੱਥੇ ਰਫੀ ਨੂੰ ਪਹਿਲੀ ਵਾਰ ਪੰਜਾਬੀ ਫਿਲਮ 'ਗੁਲਬਲੋਚ' 'ਚ ਗਾਉਣ ਦਾ ਮੌਕਾ ਦਿੱਤਾ। ਉਸ ਸਮੇਂ ਰਫੀ ਦੀ ਉਮਰ ਸਿਰਫ 17 ਸਾਲ ਸੀ।

ਉਦੋਂ ਹੀ ਰਫੀ ਦੀ ਗਾਇਕੀ ਦਾ ਦੌਰ ਸ਼ੁਰੂ ਹੋਇਆ ਅਤੇ ਪਿੱਛੇ ਮੁੜ ਕੇ ਨਹੀਂ ਦੇਖਿਆ। ਰਫੀ ਜੀ ਨੇ ਨੌਸ਼ਾਦ, ਸਚਿਨ ਦੇਵ ਬਰਮਨ, ਸੀ.ਰਾਮਚੰਦਰ, ਮਦਨ ਮੋਹਨ, ਓ.ਪੀ. ਨਈਅਰ, ਕਲਿਆਣਜੀ, ਆਨੰਦਜੀ, ਲਕਸ਼ਮੀਕਾਂਤ ਪਿਆਰੇਲਾਲ,ਰਵਿੰਦਰ ਜੈਨ, ਇਕਬਾਲ ਕੁਰੈਸ਼ੀ ਆਦਿ ਦੇ ਸੰਗੀਤਕਾਰਾਂ ਨਾਲ ਮਿਲ ਕੇ ਆਪਣੀ ਆਵਾਜ਼ ਦਾ ਐਸਾ ਜਾਦੂ ਬਿਖੇਰਿਆ ਜਿਸ ਨਾਲ ਪਲੇਅਬੈਕ ਗੀਤਾਂ ਨੂੰ ਇਕ ਨਵੀਂ ਪਰਿਭਾਸ਼ਾ ਮਿਲੀ।

ਅੱਜ ਵੀ ਅਗਰ ਅਸੀਂ ਰਫੀ ਦਾ ਕੋਈ ਵੀ ਗੀਤ ਸੁਣਦੇ ਹਾਂ, ਤਾਂ ਅਸੀਂ ਉਸ ਗੀਤ ਨੂੰ ਗਾਉਣ ਤੋਂ ਆਪਣਾ ਮੂੰਹ ਨਹੀਂ ਰੋਕ ਪਾਉਂਦੇ। ਗੀਤ ਭਾਵੇਂ ਸਾਦਾ ਹੀ ਹੋਵੇ ਪਰ ਰਫੀ ਦੀ ਆਵਾਜ਼ ਦਾ ਜਾਦੂ ਉਸ ਵਿਚ ਏਨਾ ਰਸ ਘੋਲਦਾ ਹੈ ਕਿ ਗੀਤ ਕਿਤੋਂ ਦਾ ਕਿਤੇ ਪਹੁੰਚ ਜਾਂਦਾ ਹੈ, ਰਫ਼ੀ ਵਰਗਾ ਗਾਇਕ ਉਮਰਾਂ ਬਾਅਦ ਹੀ ਪੈਦਾ ਹੁੰਦਾ ਹੈ। ਉਨ੍ਹਾਂ ਨੇ ਹਿੰਦੀ, ਪੰਜਾਬੀ, ਤੋਂ ਇਲਾਵਾ ਭਾਰਤ ਦੀਆਂ ਕਈ ਭਾਸ਼ਾਵਾਂ ਵਿੱਚ 26 ਹਜ਼ਾਰ ਤੋਂ ਵੱਧ ਗੀਤ ਗਾਏ।



ਮੁਹੰਮਦ ਰਫੀ ਵਰਗਾ ਦਿਆਲੂ ਇਨਸਾਨ ਵੀ ਬਹੁਤ ਘੱਟ ਹੀ ਮਿਲਦਾ ਹੈ, ਉਹਨਾਂ ਨੇ ਕਦੇ ਸੰਗੀਤਕਾਰ ਤੋਂ ਇਹ ਨਹੀਂ ਪੁੱਛਿਆ ਸੀ ਕਿ ਉਸਨੂੰ ਇੱਕ ਗੀਤ ਗਾਉਣ ਦੇ ਕਿੰਨੇ ਪੈਸੇ ਮਿਲਣਗੇ। ਉਹ ਸਿਰਫ਼ ਗੀਤ ਗਾਉਣ ਆਉਂਦੇ ਸੀ ਤੇ ਕਦੇ-ਕਦਾਈਂ ਇੱਕ ਰੁਪਏ ਵਿਚ ਵੀ ਗੀਤ ਗਾਇਆ ਹੈ। ਰਫੀ ਦੀ ਸ਼ਾਸਤਰੀ ਅਤੇ ਲੋਕ ਸੰਗੀਤ ਨਾਲ ਬਹੁਤ ਡੂੰਘੀ ਪਕੜ ਸੀ। ਰਫ਼ੀ ਨੇ ਗੀਤ ਗਜ਼ਲ ਭਜਨ,ਸ਼ਬਦ ਕੋਰਸ,ਆਦਿ ਨੂੰ ਆਪਣੀ ਮਧੁਰ ਆਵਾਜ਼ ਦਿੱਤੀ। ਫਿਲਮ ਬੈਜੂ ਬਾਵਰਾ ਦਾ ਸੰਗੀਤ ਨੌਸ਼ਾਦ ਦੁਆਰਾ ਤਿਆਰ ਕੀਤਾ ਗਿਆ ਸੀ ਅਤੇ ਰਫੀ ਨੇ ਉਸ ਵਿੱਚ ਗੀਤ ਗਾਇਆ ਸੀ "ਓ ਦੁਨੀਆਂ ਕੇ ਰਖਵਾਲੇ ਸੁਣ ਦਰਦ ਭਰੇ ਮੇਰੇ ਲਾਲੇ" ਜਿਸ ਵਿੱਚ ਆਖਰੀ ਲਾਈਨ ਦੀ ਪੱਟੀ ਨੂੰ ਬਹੁਤ ਜਿਆਦਾ ਉੱਚਾ ਚੁੱਕਣਾ ਸੀ ਅਤੇ ਰਫੀ ਨੇ ਸਫਲਤਾਪੂਰਵਕ ਇਸ ਨੂੰ ਉੱਚਾ ਕੀਤਾ ਅਤੇ ਨੌਸ਼ਾਦ ਸਾਹਿਬ ਨੇ ਉਸ ਗੀਤ ਨੂੰ ਓਕੇ ਕੀਤਾ। ਗੀਤ ਰਿਕਾਰਡ ਕਰਨ ਤੋਂ ਬਾਅਦ ਰਫੀ ਨੂੰ ਬਹੁਤ ਪਸੀਨਾ ਆਇਆ ਹੋਇਆ ਸੀ ਜਿਸ ਨੂੰ ਵੇਖ ਨੌਸ਼ਾਦ ਬੋਲੇ , ਰਫੀ ਮੈਂ ਜੋ ਚਾਹੁੰਦਾ ਸੀ ਅੱਜ ਤੁਸੀਂ ਉਹ ਕਰ ਵਿਖਾਇਆ ਹੈ। ਉਹ ਗੀਤ ਅੱਜ ਵੀ ਬਹੁਤ ਹਿੱਟ ਹੈ। ਇਸ ਤਰ੍ਹਾਂ ਰਫੀ ਦੇ ਕਈ ਗੀਤ ਹਿੱਟ ਹੋਏ ਜੋ ਅੱਜ ਵੀ ਓਨੇ ਹੀ ਹਿੱਟ ਹਨ। ਫਿਲਮ 'ਨੀਲਕਮਲ' ਦਾ ਗੀਤ 'ਬਾ-ਬੁਲ ਕੀ ਦੁਆਏ ਲੇਤੀ ਜਾ' ਦੀ ਰਿਕਾਰਡਿੰਗ ਸਮੇਂ ਰਫੀ ਦੀਆਂ ਅੱਖਾਂ 'ਚ ਹੰਝੂ ਆ ਗਏ ਸਨ ਉਹ ਬਾਰ ਬਾਰ ਇਸ ਗੀਤ ਨੂੰ ਗਾਉਣ ਦੀ ਕੋਸ਼ਿਸ਼ ਕਰਦੇ ਪਰ ਰੋ ਪੈਂਦੇ ਅਤੇ ਇਸ ਦਾ ਕਾਰਨ ਇਹ ਸੀ ਕਿ ਗੀਤ ਗਾਉਣ ਤੋਂ ਇਕ ਦਿਨ ਪਹਿਲਾਂ ਹੀ ਰਫ਼ੀ ਦੀ ਬੇਟੀ ਦੀ ਮੰਗਣੀ ਹੋਈ ਸੀ, ਜਿਸ ਕਾਰਨ ਉਹ ਬਹੁਤ ਭਾਵੁਕ ਸਨ ਫਿਰ ਵੀ ਰਫੀ ਸਾਬ ਨੇ ਇਹ ਗੀਤ ਗਾਇਆ ਅਤੇ ਇਸ ਗੀਤ ਲਈ ਉਹਨਾਂ ਨੂੰ 'ਰਾਸ਼ਟਰੀ ਪੁਰਸਕਾਰ' ਵੀ ਮਿਲਿਆ। 1967 ਵਿੱਚ ਪਦਮ ਸ਼੍ਰੀ ਪੁਰਸਕਾਰ ਤੋਂ ਇਲਾਵਾ ਉਨ੍ਹਾਂ ਨੂੰ ਕਈ ਰਾਸ਼ਟਰੀ ਪੁਰਸਕਾਰ ਵੀ ਮਿਲੇ।

ਸੰਗੀਤ ਪ੍ਰੇਮੀਆਂ ਦੇ ਦਿਲਾਂ ਦੀ ਧੜਕਣ ਅਤੇ ਸਾਡੇ ਪੰਜਾਬ ਦੀ ਸ਼ਾਨ, ਮਹੁੰਮਦ ਰਫ਼ੀ 31 ਜੁਲਾਈ 1980 ਨੂੰ ਆਖਰੀ ਸਾਹ ਲੈਕੇ ਆਪਣੇ ਵਲੋਂ ਗਾਏ ਗੀਤਾਂ ਦੀ ਵਿਰਾਸਤ ਸਾਡੇ ਲਈ ਛੱਡ ਗਏ। ਜਿਨ੍ਹਾਂ ਦਾ ਅਸੀਂ ਅੱਜ ਵੀ ਆਨੰਦ ਮਾਣ ਰਹੇ ਹਾਂ। ਰਫ਼ੀ ਨੇ 40 ਸਾਲਾਂ ਤੱਕ ਗੀਤ ਗਾਏ। ਰਫ਼ੀ ਦੀ ਆਵਾਜ਼ ਰੂਹ ਬਣ ਕੇ ਦੇਸ਼-ਵਿਦੇਸ਼ ਦੇ ਲੋਕਾਂ ਦੇ ਕੰਨਾਂ 'ਚ ਸੰਗੀਤ ਦਾ ਰਸ ਘੋਲ ਰਹੀ ਹੈ।



**ਬਲਦੇਵ ਸਿੰਘ ਬੇਦੀ**
**ਜਲੰਧਰ**

# ਨਸ਼ਾ, ਭ੍ਰਿਸ਼ਟਾਚਾਰ ਬੰਦ ਹੋਵੇ ਨਾ ਹੋਵੇ ਪਰ ਸਰਕਾਰੀ ਇਸ਼ਤਿਹਾਰਬਾਜ਼ੀ ਜ਼ੋਰਾਂ ਉੱਤੇ

**ਬਲਬੀਰ ਸਿੰਘ ਬੱਬੀ**

ਸਾਡੇ ਦੇਸ਼ ਤੇ ਪੰਜਾਬ ਦੇ ਵਿੱਚ ਸਿਆਸਤਦਾਨਾਂ ਦਾ ਕੋਈ ਦੀਨ ਈਮਾਨ ਧਰਮ ਨਹੀਂ, ਬਹੁਤੇ ਸਿਆਸੀ ਆਗੂ ਜੋ ਕੁਝ ਪਹਿਲਾਂ ਸੰਘਰਸ਼ ਦੌਰਾਨ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ, ਲੋਕਾਂ ਦੀ ਗੱਲ ਗੱਲ ਉੱਤੇ ਨੁਕਤਾ ਚੀਨੀ ਕਰਦੇ ਰਹਿੰਦੇ ਹਨ ਪਰ ਜਦੋਂ ਖੁਦ ਆਪ ਸੱਤਾ ਦੀ ਕੁਰਸੀ ਉੱਪਰ ਬੈਠ ਜਾਂਦੇ ਹਨ ਤਾਂ ਇਹ ਸਭ ਕੁਝ ਭੁਲ ਭੁਲਾ ਕੇ ਨਵੇਂ ਤੋਂ ਨਵੇਂ ਕੰਮ ਜਨਤਾ ਵਿੱਚ ਰੱਖਣੇ ਸ਼ੁਰੂ ਕਰ ਦਿੰਦੇ ਹਨ।

ਪੰਜਾਬ ਵਿੱਚ ਦੇਖੀਏ ਤਾਂ ਮੌਜੂਦਾ ਸਮੇਂ ਆਮ ਆਦਮੀ ਪਾਰਟੀ ਰਾਜ ਕਰ ਰਹੀ ਹੈ ਆਮ ਆਦਮੀ ਪਾਰਟੀ ਨਾਲ ਸਬੰਧਤ ਬਹੁਤੇ ਆਗੂ ਤੇ ਅੱਜ ਪੰਜਾਬ ਦੇ ਮੁੱਖ ਮੰਤਰੀ ਬਣੇ ਭਗਵੰਤ ਮਾਨ ਹੋਰੀ ਜਦੋਂ ਮੈਂਬਰ ਪਾਰਲੀਮੈਂਟ ਜਾਂ ਸੱਤਾ ਲਈ ਚੋਣ ਪ੍ਰਚਾਰ ਕਰਦੇ ਸਨ ਤਾਂ ਉਨਾਂ ਦੀਆਂ ਅਜਿਹੀਆਂ ਗੱਲਾਂ ਹੁੰਦੀਆਂ ਸਨ ਕਿ ਲੋਕਾਂ ਨੂੰ ਸੱਚ ਜਾਪਦੀਆਂ ਸਨ ਜਿਵੇਂ ਭਗਵੰਤ ਮਾਨ ਹੋਰੀ ਕਹਿੰਦੇ ਹੁੰਦੇ ਸਨ ਕਿ ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਆਪੋ ਆਪਣੀਆਂ ਫੋਟੋਆਂ ਪਤਾ ਨਹੀਂ ਸਰਕਾਰੀ ਸਕੀਮਾਂ ਤੇ ਕਿਉਂ ਲਗਾਉਂਦੇ ਹਨ ਜਦੋਂ ਅਸੀਂ ਸੱਤਾ ਵਿੱਚ ਆਏ ਤਾਂ ਇਹ ਬੰਦ ਕਰਾਂਗੇ ਇਸੇ ਤਰ੍ਹਾਂ ਹੀ ਭਗਵੰਤ ਮਾਨ ਹੋਰੀ ਆਗੂਆਂ ਦੀਆਂ ਬਹੁਤ ਨੁਕਤਾ ਚੀਨੀਆਂ ਕਰਦੇ ਰਹੇ ਹਨ ਪਰ ਜਦੋਂ ਹੁਣ ਆਪ ਪੰਜਾਬ ਦੀ ਸੱਤਾ ਦੀ ਕੁਰਸੀ ਉੱਪਰ ਬਿਰਜ਼ਮਾਨ ਹੋਏ ਤਾਂ ਇਹ ਪਿਛਲੇ ਮੁੱਖ ਮੰਤਰੀਆਂ ਦੀ ਜੋ ਨੁਕਤਾਚੀਨੀ ਕਰਦੇ ਸਨ ਉਹਨਾਂ ਤੋਂ ਵੀ ਉੱਪਰ ਲੰਘ ਗਏ ਮਿਸਾਲ ਦੇ ਤੌਰ ਉੱਤੇ ਇਹ ਕਹਿੰਦੇ ਸਨ ਕਿ ਸਰਕਾਰੀ ਕੰਮਾਂਕਾਰਾਂ ਵਿੱਚ ਮੁੱਖ ਮੰਤਰੀ ਦੀ ਫੋਟੋ ਨਹੀਂ ਲੱਗਣੀ ਚਾਹੀਦੀ ਪਰ ਅੱਜ ਸਰਕਾਰੀ ਕੰਮਾਂ ਕਾਰਜਾਂ ਦੇ ਵਿੱਚ ਸਭ ਤੋਂ ਵੱਧ ਫੋਟੋਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੱਗ ਰਹੀਆਂ ਹਨ ਜੇ ਨਹੀਂ ਯਕੀਨ ਤਾਂ ਅਖਬਾਰਾਂ ਵਿੱਚ ਇਸ਼ਤਿਹਾਰਬਾਜ਼ੀ, ਸਮੁੱਚੇ ਪੰਜਾਬ ਉੱਪਰ ਪੰਜਾਬ ਵਿੱਚ ਕੰਧਾਂ ਉੱਪਰ, ਸਰਕਾਰੀ ਅਦਾਰਿਆਂ ਬੱਸਾਂ ਹੋਰ ਥਾਵਾਂ ਉੱਪਰ ਲੱਗੇ ਹੋਏ ਬੋਰਡ ਆਪਣੇ ਆਪ ਹੀ ਇਸ ਗੱਲ ਦੀ ਗਵਾਹੀ ਭਰਦੇ ਹਨ। ਇਹ ਸਰਕਾਰ ਚਾਹੇ ਛੋਟਾ ਕੰਮ ਕਰਦੀ ਹੈ ਚਾਹੇ ਕੋਈ ਵੱਡਾ ਪਰ ਉਸਦੀ ਇਸ਼ਤਿਹਾਰਬਾਜੀ ਬਹੁਤ ਜਰੂਰੀ ਹੈ ਜਦੋਂ ਦੀ ਇਹ ਸਰਕਾਰ ਬਣੀ ਹੈ ਇਸ ਨੇ ਅਖਬਾਰਾਂ ਟੀ ਵੀ ਤੇ ਹੋਰ ਸਾਧਨਾਂ ਦੇ ਉੱਪਰ ਕਰੋੜਾਂ ਰੁਪਏ ਇਸ਼ਤਿਹਾਰਬਾਜ਼ੀ ਉੱਤੇ ਖਰਚ ਕੀਤੇ ਹਨ ਜਿਸ ਦਾ ਨਤੀਜਾ ਕੋਈ ਨਹੀਂ ਨਿਕਲਿਆ।







ਬੀਤੇ ਦਿਨ ਪੰਜਾਬ ਦੇ ਮੁੱਖ ਮੰਤਰੀ ਦੀ ਫੋਟੋ ਵਾਲਾ ਇੱਕ ਵੱਡਾ ਇਸ਼ਤਿਹਾਰ ਸਾਰੇ ਅਖਬਾਰਾਂ ਵਿੱਚ ਛਪਦਾ ਹੈ ਜਿਸ ਵਿੱਚ ਨਸ਼ੇ ਨੂੰ ਬੰਦ ਕਰਨ ਸਬੰਧੀ ਇੱਕ ਨੰਬਰ ਦਿੱਤਾ ਗਿਆ ਹੈ ਤੇ ਇਹ ਮਸ਼ਹੂਰੀ ਸਭ ਪਾਸੇ ਹੋਈ ਕੀ ਪੰਜਾਬ ਵਿੱਚ ਇਸ ਇਸ਼ਤਿਹਾਰਬਾਜ਼ੀ ਨਾਲ ਪੰਜਾਬ ਵਿੱਚ ਨਸ਼ਾ ਬੰਦ ਹੋ ਗਿਆ ਹੈ ਹੋਰ ਤਾਂ ਹੋਰ ਇਸ਼ਤਿਹਾਰ ਵਿੱਚ ਨਸ਼ੇ ਲਈ ਹੈਲਪਲਾਈਨ ਦਿੱਤਾ ਹੈ ਉਹ ਨੰਬਰ ਵੀ ਨਹੀਂ ਲੱਗ ਰਿਹਾ। ਇਸ ਤੋਂ ਇਲਾਵਾ ਸਰਕਾਰੀ ਇਸ਼ਤਿਹਾਰਬਾਜ਼ੀ ਵਿੱਚ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਗੱਲ ਕੀਤੀ ਗਈ ਹੈ ਇਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਫੋਟੋ ਲੱਗੀ ਹੋਈ ਹੈ ਤੇ ਭਰਿਸ਼ਟਾਚਾਰ ਸਬੰਧੀ ਹੈਲਪਲਾਈਨ ਨੰਬਰ ਵੀ ਦਿੱਤਾ ਗਿਆ ਹੈ ਕੀ ਇੱਕ ਅਖਬਾਰੀ ਇਸ਼ਤਿਹਾਰ ਜਾਰੀ ਕਰਨ ਦੇ ਨਾਲ ਭ੍ਰਿਸ਼ਟਾਚਾਰ ਜਾਂ ਨਸ਼ਾ ਰੁਕ ਜਾਵੇਗਾ ਬਿਲਕੁਲ ਨਹੀਂ, ਸਮਝ ਨਹੀਂ ਆ ਰਹੀ ਕਿ ਪੰਜਾਬ ਦੇ ਲੋਕਾਂ ਦਾ ਟੈਕਸ ਰੂਪ ਵਿੱਚ ਦਿੱਤੇ ਹੋਏ ਪੈਸੇ ਦਾ ਫੋਕੀ ਤੇ ਗਲਤ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਹੈ ਭਗਵੰਤ ਮਾਨ ਜੀ ਯਾਦ ਕਰੋ ਜਦੋਂ ਤੁਸੀਂ ਦੂਜੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਇਸ਼ਤਿਹਾਰਬਾਜ਼ੀ ਮੌਕੇ ਨੁਕਤਾਚੀਨੀ ਕਰਦੇ ਸਨ ਤੇ ਅੱਜ ਤੁਸੀਂ ਉਹਨਾਂ ਨਾਲੋ ਕਿਤੇ ਜਿਆਦਾ ਫ਼ੋਕੀ ਇਸ਼ਤਿਹਾਰਬਾਜ਼ੀ ਕਰ ਰਹੇ ਹੋ ਜੋ ਕਿਸੇ ਕੰਮ ਵੀ ਨਹੀਂ ਆ ਰਹੀ ?

7009107300

# ਬੀਬੀ ਜੋਗਿੰਦਰ ਕੌਰ ਦਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ





**ਫਗਵਾੜਾ( ਚਰਨਜੀਤ ਸੱਲ੍ਹਾ )** ਮਿਸ਼ਨਰੀ ਬਜ਼ੁਰਗ ਸਤਿਕਾਰਯੋਗ ਸੰਤ ਰਾਮ ਜੀ ਬੰਗਾ ਤੇ ਉਨ੍ਹਾਂ ਦੀ ਸੁਪਤਨੀ ਬੀਬੀ ਜਗਿੰਦਰ ਕੋਰ ਜੀ ਉਨ੍ਹਾਂ ਦੇ ਪਰਿਵਾਰ ਨੇ ਆਪਣੀ ਜ਼ਿੰਦਗੀ ਦੇ ਨੇਕ ਕਮਾਈ ਨਾਲ ਡਾ ਅੰਬੇਡਕਰ ਬੁਧ ਵਿਹਾਰ ਸ਼ਿਵਪੁਰੀ ਸ਼ਾਮ ਨਗਰ ਫਗਵਾੜਾ ਵਿਖੇ ਬਣਾ ਕੇ ਸਮਾਜ ਨੂੰ ਸਮਰਪਿਤ ਕੀਤਾ ਅੰਬੇਡਕਰੀ ਬੁਧਿਸਟ ਸੰਸਥਾਵਾਂ ਵਲੋਂ ਸਨਮਾਨ ਕੀਤਾ ਸਮਾਗਮ ਵਿੱਚ ਬਹੁਜਨ ਸਮਾਜ ਪਾਰਟੀ ਦੀ ਲੀਡਰਸ਼ਿਪ ਨੇ ਸ਼ਮੂਲੀਅਤ ਕੀਤੀ ਇਸ ਮੌਕੇ ਤੇ ਐਡਵੋਕੇਟ ਐਸ ਐਲ ਵਿਰਦੀ, ਪ੍ਰਵੀਨ ਬੰਗਾ, ਅਸ਼ੋਕ ਸੰਧੂ ਬਸਪਾ ਦੇ ਸੀਨੀਅਰ ਆਗੂ, ਐਡਵੋਕੇਟ ਕੁਲਦੀਪ ਭੱਟੀ ਤੇ ਸੰਤ ਰਾਮ ਜੀ ਦੇ ਸਮੁੱਚੇ ਪਰਿਵਾਰ ਦਾ ਧੰਨਵਾਦ ਕੀਤਾ।

# ਯੁਵਕ ਸੇਵਾਵਾਂ ਵਿਭਾਗ ਵੱਲੋਂ ਚਲਾਇਆ ਜਾ ਰਿਹਾ ਹੈ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ









ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪੰਜਾਬ, ਚੰਡੀਗੜ੍ਹ ਜੀ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਲੁਧਿਆਣਾ ਦੀ ਅਗਵਾਈ ਵਿੱਚ ਵਿਭਾਗ ਨਾਲ ਐਫੀਲੀਏਟਡ ਯੂਥ ਕਲੱਬਾਂ ਰਾਹੀਂ ਕਰਵਾਏ ਜਾ ਰਹੇ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਦੌਰਾਨ ਅੱਜ ਪਿੰਡ ਪਵਾਤ ਵਿੱਚ ਸੈਮੀਨਾਰ ਅਤੇ ਨੁੱਕੜ ਨਾਟਕ ਕਰਵਾਇਆ ਗਿਆ।ਇਸ ਦੌਰਾਨ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ੇ ਪੰਜਾਬ ਦੀ ਜਵਾਨੀ ਨੂੰ ਖਤਮ ਕਰ ਰਹੇ ਹਨ, ਇਹਨਾਂ ਤੋਂ ਬਚਣ ਲਈ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ ਕਿਉਂਕਿ ਨਸ਼ਿਆਂ ਵਿੱਚ ਗ੍ਰਸਤ ਹੋਈ ਨੌਜਵਾਨੀ ਗਲਤ ਰਸਤੇ ਅਪਣਾ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਖਰਾਬ ਕਰ ਰਹੀ ਹੈ ਜਿਸ ਦਾ ਖਮਿਆਜ਼ਾ ਪੂਰੇ ਸਮਾਜ ਨੂੰ ਵੀ ਭੁਗਤਣਾ ਪੈਂਦਾ ਹੈ।ਉਹਨਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਯੁਵਕ ਸੇਵਾਵਾਂ ਵਿਭਾਗ ਰਾਹੀਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ।ਇਸ ਸੈਮੀਨਾਰ ਵਿੱਚ ਡਾ. ਗੁਰਪ੍ਰੀਤ ਸਿੰਘ, ਸਿਵਿਲ ਹਸਪਤਾਲ ਮਾਛੀਵਾੜਾ ਜੀ ਨੇ ਵੀ ਆਪਣੇ ਭਾਸ਼ਣ ਦੌਰਾਨ ਦੱਸਿਆ ਕਿ ਕਿਸ ਤਰ੍ਹਾਂ ਅੱਜ ਦਾ ਨੌਜਵਾਨ ਨਸ਼ਿਆਂ ਦੀ ਜਕੜ ਵਿੱਚ ਆਉਂਦਾ ਹੈ ਅਤੇ ਇਹਨਾਂ ਮਾਰੂ ਨਸ਼ਿਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ।ਉਹਨਾਂ ਇਹ ਵੀ ਦੱਸਿਆ ਕਿ ਜੋ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ, ਉਹ ਨਸ਼ਾ ਛੁਡਾਉ ਕੇਂਦਰਾਂ ਵਿੱਚ ਜਾ ਕੇ ਨਸ਼ਾ ਛੁਡਵਾ ਸਕਦੇ ਹਨ।ਇੰਦਰਜੀਤ ਸਿੰਘ, ਟ੍ਰੈਫਿਕ ਇੰਚਾਰਜ, ਮਾਛੀਵਾੜਾ ਨੇ ਵੀ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਦੱਸਦਿਆਂ ਕਿਹਾ ਕਿ ਨਸ਼ਾ ਕਰਕੇ ਵਾਹਨ ਚਲਾਉਣ ਵਾਲੇ ਆਪਣੀ ਜਾਨ ਦੇ ਨਾਲ ਨਾਲ ਦੂਸਰਿਆਂ ਦੀ ਜ਼ਿੰਦਗੀ ਨਾਲ ਵੀ ਖਿਲਵਾੜ ਕਰਦੇ ਹਨ।

ਸੈਮੀਨਾਰ ਦੇ ਅੰਤ ਵਿੱਚ ਨਸ਼ਿਆਂ ਦੇ ਮਾਰੂ ਅਸਰ ਦਿਖਾਉਂਦਾ ਇੱਕ ਨੁੱਕੜ ਨਾਟਕ ਵੀ ਖੇਡਿਆ ਗਿਆ।ਦਿਲਬਾਗ ਸਿੰਘ ਨੇ ਨਸ਼ਿਆਂ ਦੇ ਬੁਰੇ ਨਤੀਜਿਆਂ ਬਾਰੇ ਗੀਤ ਸੁਣਾਇਆ।ਅੰਤ ਵਿੱਚ ਸੰਦੀਪ ਸਿੰਘ, ਪ੍ਰਧਾਨ ਯੁਵਕ ਸੇਵਾਵਾਂ ਕਲੱਬ, ਪਵਾਤ ਵੱਲੋਂ ਆਏ ਹੋਏ ਯੁਵਕ ਸੇਵਾਵਾਂ ਵਿਭਾਗ ਦੀ ਸਾਰੀ ਟੀਮ ਅਤੇ ਪਿੰਡ ਦੇ ਸਰਪੰਚ, ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਦੇ ਹੋਰ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ।ਇਸ ਸੈਮੀਨਾਰ ਦੌਰਾਨ ਮਨਜੀਤ ਸਿੰਘ, ਸਤਵਿੰਦਰ ਸਿੰਘ ਸਮਾਜ ਸੇਵੀ ਅਤੇ ਯੁਵਕ ਸੇਵਾਵਾਂ ਕਲੱਬ ਪਵਾਤ ਦੇ ਮੈਂਬਰ ਵੀ ਹਾਜ਼ਰ ਸਨ।

# ਕਲਮੀ ਤਲਵਾਰ ਬੁੱਧ ਸਿੰਘ ਨੀਲੋਂ ਦਾ ਵਿਸ਼ੇਸ਼ ਸਨਮਾਨ

## ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ 29 ਦਸੰਬਰ ਨੂੰ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਪੰਜਾਬੀ ਲੇਖਕ ਪੱਤਰਕਾਰ ਸਾਹਿਤਕਾਰ ਚਿੰਤਕ ਇਹ ਸਭ ਗੁਣ ਹਨ ਕਲਮ ਰਾਹੀਂ ਸੱਚ ਲਿਖਣ ਵਾਲੇ ਬੁੱਧ ਸਿੰਘ ਨੀਲੋਂ ਵਿੱਚ, ਮੁਢਲੀ ਸਕੂਲੀ ਵਿਦਿਆ ਦੌਰਾਨ ਹੀ ਗਰੀਬੀ ਵਿੱਚੋਂ ਸੰਘਰਸ਼ ਕਰਨਾ ਬੁੱਧ ਸਿੰਘ ਲੀਲੋ ਨੇ ਸਿੱਖਿਆ ਤੇ ਇਹ ਸੰਘਰਸ਼ ਉਸ ਨੂੰ ਅਖਬਾਰੀ ਦੁਨੀਆ ਤੋਂ ਲੈ ਕੇ ਪੰਜਾਬੀ ਮਾਂ ਬੋਲੀ ਦੀ ਸਾਹਿਤਕ ਸੇਵਾ ਵਿੱਚ ਲੈ ਆਇਆ। ਅਨੇਕਾਂ ਅਖਬਾਰੀ ਅਦਾਰਿਆਂ ਨਾਲ ਜੁੜ ਕੇ ਕੰਮ ਕਰਨ ਵਾਲੇ ਤੇ ਅੱਜ ਕੱਲ ਖਬਰ ਚੈਨਲਾਂ ਨਾਲ ਤੇ ਸੋਸ਼ਲ ਮੀਡੀਆ ਉੱਪਰ ਅਲੱਗ ਅਲੱਗ ਪਲੇਟਫਾਰਮਾਂ ਦਾ ਲਿਖਤਾਂ ਰਾਹੀਂ ਚਰਚਾ ਵਿੱਚ ਰਹਿਣ ਵਾਲੇ ਬੁੱਧ ਸਿੰਘ ਨੀਲੋਂ, ਉੱਤੇ ਸਾਹਿਤਕ ਹਲਕਿਆਂ ਵਿੱਚ ਚਰਚਿਤ ਪੁਰਾਤਨ ਲਿਖਾਰੀ ਸਭਾ ਰਾਮਪੁਰ ਦੀ ਸਵੱਲੀ ਨਿਗ੍ਹਾ ਪਈ। ਪੰਜਾਬੀ ਲਿਖਾਰੀ ਸਭਾ ਰਾਮਪੁਰ ( ਰਜਿ.) ਵਲੋਂ 72ਵੇਂ ਵਰ੍ਹੇ ਦੇ ਸਮਾਗਮਾਂ ਦੀ ਲੜੀ ਵਿੱਚ ਰੂਬਰੂ ਤੇ ਪੁਰਸਕਾਰ ਸਮਾਗਮ, ਮਿਤੀ 29 ਦਸੰਬਰ, 2024, ਦਿਨ ਐਤਵਾਰ ,ਸਮਾਂ : ਸਵੇਰੇ 10.00 ਵਜੇ ਸਥਾਨ: ਸੈਮੀਨਾਰ ਹਾਲ ਲਾਇਬ੍ਰੇਰੀ, ਵਿਖੇ ਕਰਵਾਇਆ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਅਨਿਲ ਫ਼ਤਹਿਗੜ੍ਹ ਜੱਟਾਂ ਤੇ ਜਨਰਲ ਸਕੱਤਰ ਬਲਵੰਤ ਮਾਂਗਟ ਨੇ



ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਮਿੱਤਰ ਸੈਨ ਮੀਤ (ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਨਾਵਲਕਾਰ) ਕਰਨਗੇ। ਇਸ ਸਮਾਰੋਹ ਵਿੱਚ ਮੁੱਖ ਮਹਿਮਾਨ .ਸ੍ਰੀ ਬਲਦੇਵ ਸਿੰਘ ਝੱਜ (ਸਾਬਕਾ ਸਰਪੰਚ ਦਬੁਰਜੀ) ਹੋਣਗੇ। ਇਸ ਮੌਕੇ ਸ. ਨੌਰੰਗ ਸਿੰਘ ਝੱਜ ਯਾਦਗਾਰੀ ਪੁਰਸਕਾਰ - 2024 ( ਸ. ਬਲਦੇਵ ਸਿੰਘ ਝੱਜ ਦੇ ਪਰਵਾਰ ਵਲੋਂ) ਚਿੰਤਕ ਤੇ ਵਾਰਤਕ ਲੇਖਕ ਬੁੱਧ ਸਿੰਘ ਨੀਲੋਂ ਨੂੰ ਦਿੱਤਾ ਜਾਵੇਗਾ। ਇਸ ਪੁਰਸਕਾਰ ਬਾਰੇ ਜਾਣਕਾਰੀ : ਸੁਰਿੰਦਰ ਰਾਮਪੁਰੀ ਦੇਣਗੇ ਤੇ ਬੁੱਧ ਸਿੰਘ ਨੀਲੋਂ ਦੇ ਜੀਵਨ ਤੇ ਰਚਨਾ ਦ੍ਰਿਸ਼ਟੀ ਬਾਰੇ ਗੱਲਬਾਤ ਕਰਨਗੇ: ਡਾ. ਪਰਮਿੰਦਰ ਸਿੰਘ ਬੈਨੀਪਾਲ, ਡਾ. ਮੇਹਰ ਮਾਣਕ, ਬਲਕੌਰ ਸਿੰਘ ਗਿੱਲ, ਡਾ. ਬਲਵਿੰਦਰ ਗਲੈਕਸੀ ਕਮਲਜੀਤ ਨੀਲੋਂ, ਹਰਬੰਸ ਮਾਲਵਾ, ਬਲਿਹਾਰ ਗੋਬਿੰਦਗੜ੍ਹੀਆ, ਬਲਬੀਰ ਸਿੰਘ ਬੱਬੀ ਕਰਨਗੇ। ਬੁੱਧ ਸਿੰਘ ਨੀਲੋਂ ਨੂੰ ਪੰਜਾਬੀ ਲਿਖਾਰੀ ਸਭਾ ਵੱਲੋਂ ਸਨਮਾਨ ਕਰਨ ਉੱਤੇ ਪੰਜਾਬੀ ਸਾਹਿਤ ਸਭਾ ਸ਼੍ਰੀ ਭੈਣੀ ਸਾਹਿਬ, ਸਾਹਿਤ ਸਭਾ ਸਮਰਾਲਾ, ਵਿਸ਼ਵ ਸਿੱਖ ਸਾਹਿਤ ਅਕਾਦਮੀ ਪਾਇਲ, ਸਹਿਤ ਸਭਾ ਪਾਇਲ, ਪੰਜਾਬੀ ਸਾਹਿਤ ਸਭਾ ਮਾਛੀਵਾੜਾ, ਲਿਖਾਰੀ ਸਭਾ ਗੋਬਿੰਦਗੜ, ਲਿਖਾਰੀ ਸਭਾ ਮਕਸੂਦੜਾ, ਪੰਜਾਬੀ ਸਾਹਿਤ ਸਭਾ ਬਹਿਰਾਮਪੁਰ ਬੇਟ ਅਨੇਕਾਂ ਸਾਹਿਤਕ ਸੰਸਥਾਵਾਂ ਸ਼ਖਸੀਅਤਾਂ ਤੋਂ ਇਲਾਵਾ ਵੱਖ ਵੱਖ ਅਖਬਾਰੀ ਅਦਾਰਿਆਂ ਵਿਦੇਸ਼ਾਂ ਦੇ ਟੀ ਵੀ ਚੈਨਲ ਰੇਡੀਓਜ਼ ਵੱਲੋਂ ਬੁੱਧ ਸਿੰਘ ਨੀਲੋਂ ਦਾ ਸਨਮਾਨ ਹੋਣ ਉੱਤੇ ਉਸ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

# ਕਿਸਾਨ ਦਿਵਸ ਦੇ ਮੌਕੇ ਪਿੰਡ ਗੌਸਲਾ ਵਿਖੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਲਗਾਇਆ ਗਿਆ ਜਾਗਰੂਕਤਾ ਕੈਂਪ

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਸਮਰਾਲਾ ਜਿਲਾ ਲੁਧਿਆਣਾ ਵੱਲੋਂ ਨੇੜਲੇ ਪਿੰਡ ਗੌਸਲਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਇਹ ਕੈਂਪ ਡਾ ਗੁਰਦੀਪ ਸਿੰਘ ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਜੀ ਦੇ ਦਿਸ਼ਾ ਨਿਰਦੇਸ਼ ਅਤੇ ਡਾ ਗੌਰਵ ਧੀਰ ਖੇਤੀਬਾੜੀ ਅਫਸਰ ਸਮਰਾਲਾ ਜੀ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਕੈਂਪ ਦਾ ਮੁੱਖ ਮੰਤਵ ਕਿਸਾਨ ਵੀਰਾਂ ਨੂੰ ਕਣਕ ਦੀ ਫਸਲ ਤੇ ਇਸ ਵੇਲੇ ਧਿਆਨ ਰੱਖਣ ਯੋਗ ਨੁਕਤੇ ਸਾਂਝੇ ਕਰਨਾ ਸੀ। ਇਸ ਮੌਕੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਸਨਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ (ਪੀ.ਪੀ.) ਨੇ ਕਿਹਾ ਕਿ ਕਿਸਾਨ ਵੀਰ ਕਣਕ ਦੀ ਫਸਲ ਦੇ ਵਿੱਚ ਲੋੜ ਤੋਂ ਵੱਧ ਯੂਰੀਆ ਖਾਦ ਦੀ ਵਰਤੋਂ ਨਾ ਕਰਨ।ਉਹਨਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਯੂਰੀਆ ਖਾਦ ਕਣਕ ਦੇ ਵਿੱਚ ਪਾਉਣ ਦੀ ਸਲਾਹ ਦਿੱਤੀ ਉਹਨਾਂ ਕਿਹਾ ਕਿ ਕਿਸਾਨ ਵੀਰਾਂ ਨੂੰ ਜੈਵਿਕ, ਜੀਵਾਣੂ ਅਤੇ ਰਸਾਇਣਿਕ ਖਾਦਾਂ ਦੇ ਸੁਮੇਲ





ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨਾਂ ਇਸ ਮੌਕੇ ਸੂਖਮ ਤੱਤਾਂ ਵਿੱਚੋਂ ਮੈਗਨੀ ਖਰਾਕੀ ਤੱਤ ਦੀ ਘਾਟ ਦੀ ਲੱਛਣਾਂ ਅਤੇ ਇਸਦੀ ਪੂਰਤੀ ਦੇ ਲਈ ਛੜਕਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਉਪਰੰਤ ਉਹਨਾਂ ਨੇ ਕਣਕ ਦੇ ਮੁੱਖ ਨਦੀਨ ਗੁਲੀ ਡੰਡੇ ਦੀ ਰੋਕਥਾਮ ਬਾਰੇ ਬੋਲਦੇ ਹੋਏ ਕਿਹਾ ਕਿ ਕਿਸਾਨ ਵੀਰ ਹਰ ਸਾਲ ਬਦਲਵਾਂ ਨਦੀਨ ਨਾਸ਼ਕ ਵਰਤਣ ਅਤੇ ਨਾਲ ਹੀ ਨਾਲ ਕੱਟ ਵਾਲੀ ਨੋਜ਼ਲ ਨਾਲ ਹੀ ਛਿੜਕਾ ਕਰਨ ਤਾਂ ਜੋ ਗੁਲੀ ਡੰਡੇ ਦੀ ਰੋਕਥਾਮ ਨੂੰ ਸਹੀ ਢੰਗ ਨਾਲ ਕੀਤੀ ਜਾ ਸਕੇ।ਕਿਸਾਨ ਦਿਵਸ ਤੇ ਅੱਜ ਕੈਂਪ ਦੌਰਾਨ ਉਹਨਾਂ ਨੇ ਕਿਸਾਨਾਂ ਫਾਰਮਰ ਪ੍ਰੋਡਿਊਸਰ ਕੰਪਨੀ ਬਣਾਉਣ ਅਤੇ ਰਜਿਸਟਰ ਕਰਾਉਣ ਅਤੇ ਇਸ ਤੋਂ ਹੋਣ ਵਾਲੇ ਆਰਥਿਕ ਲਾਭ ਬਾਰੇ ਵਿਸਥਾਰ ਦੇ ਵਿੱਚ ਜਾਣਕਾਰੀ ਦਿੱਤੀ। ਇਸ ਕੈਂਪ ਦੌਰਾਨ ਚਮਕੌਰ ਸਿੰਘ ਖੇਤੀਬਾੜੀ ਉਪ ਨਿਰੀਖਕ ਅਤੇ ਕੁਲਵਿੰਦਰ ਸਿੰਘ ਏ.ਟੀ.ਐਮ ਆਤਮਾ ਸਕੀਮ ਹਾਜ਼ਰ ਸਨ। ਇਸ ਮੌਕੇ ਕਿਸਾਨ ਵੀਰਾਂ ਵਿੱਚੋਂ ਨੰਬਰਦਾਰ ਰਣਜੀਤ ਸਿੰਘ, ਗੁਰਪ੍ਰੀਤ ਸਿੰਘ, ਕਸ਼ਮੀਰਾ ਸਿੰਘ,ਭਾਗ ਸਿੰਘ, ਅਮਰਜੀਤ ਸਿੰਘ,ਹਰਮੀਤ ਸਿੰਘ, ਹਰਦੇਵ ਸਿੰਘ,ਸਤਵੰਤ ਸਿੰਘ, ਦਰਸ਼ਨ ਸਿੰਘ,ਕੁਲਵੰਤ ਸਿੰਘ,ਜਸਪਾਲ ਸਿੰਘ ਮੋਹਨ ਸਿੰਘ ਅਤੇ ਹੋਰ ਕਿਸਾਨ ਵੀਰ ਹਾਜ਼ਰ ਸਨ।

**Sandeep iSngh ADO**
**PAU,LUDHIANA**
**MANAGE**
**HYDRABAD**

# ਸਾਹਿਤਕ ਸਮਾਗਮ ਅਤੇ ਜਨਰਲ ਇਜਲਾਸ 29 ਦਸੰਬਰ ਨੂੰ

**ਸੰਗਰੂਰ (ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 29 ਦਸੰਬਰ ਦਿਨ ਐਤਵਾਰ ਨੂੰ ਸਵੇਰ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਹੋ ਰਿਹਾ ਹੈ, ਜਿਸ ਵਿੱਚ ਸਿਰਮੌਰ ਪੰਜਾਬੀ ਕਵਿੱਤਰੀ ਮਨਜੀਤ ਇੰਦਰਾ ਸਾਹਿਤਕਾਰਾਂ ਦੇ ਰੂ-ਬ-





ਰੂ ਹੋਣਗੇ। ਇਸ ਸਮਾਗਮ ਵਿੱਚ ਨਾਮਵਰ ਲੇਖਿਕਾ ਅਤੇ ਫ਼ਿਲਮ ਅਦਾਕਾਰਾ ਹਰਸ਼ਜੋਤ ਕੌਰ ਇੰਸਪੈਕਟਰ ਪੰਜਾਬ ਪੁਲਿਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਇਸ ਮੌਕੇ ਉੱਘੇ ਸਾਹਿਤਕਾਰ ਪੰਮੀ ਫੱਗੂਵਾਲੀਆ ਦੀ ਖੋਜ ਪੁਸਤਕ 'ਅਸੰਵੇਦਨਸ਼ੀਲਤਾ-ਅਪਾਹਜਤਾ ਸਮੱਸਿਆ ਅਤੇ ਹੱਲ' ਲੋਕ ਅਰਪਣ ਕੀਤੀ ਜਾਵੇਗੀ। ਸਭਾ ਦੇ ਪ੍ਰੈੱਸ ਸਕੱਤਰ ਅਮਨ ਜੱਖਲਾਂ ਨੇ ਦੱਸਿਆ ਕਿ ਸਮਾਗਮ ਉਪਰੰਤ ਸਭਾ ਦਾ ਜਨਰਲ ਇਜਲਾਸ ਹੋਵੇਗਾ, ਜਿਸ ਵਿੱਚ ਸਾਲ 2024-2026 ਲਈ ਕਾਰਜਕਾਰਨੀ ਦੀ ਚੋਣ ਕੀਤੀ ਜਾਵੇਗੀ।



ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਵੇਗਾ।

# ''ਪੇਰੀਆਰ ਦੇ ਮਨੁੱਖਤਾਵਾਦੀ ਅਤੇ ਤਰਕਵਾਦੀ ਫ਼ਲਸਫ਼ੇ ''

## 4 ਦਸੰਬਰ ਸਮਾਜਿਕ ਕਾਰਕੁੰਨ ਅਤੇ ਤਰਕਵਾਦੀ ਵਿਚਾਰਕ ਰਾਮਾਸਾਮੀ ਪੇਰੀਆਰ ਦੀ ਬਰਸੀ ਤੇ ਵਿਸ਼ੇਸ਼



ਰਾਮਾਸਾਮੀ ਪੇਰੀਆਰ ਨੂੰ ਉਸਦੇ ਪੈਰੋਕਾਰਾਂ ਵਲੋਂ ਇੱਕ ਭਾਰਤੀ ਸਮਾਜਿਕ ਕਾਰਕੁਨ, ਚਿੰਤਕ ਅਤੇ ਸਿਆਸਤਦਾਨ ਵਜੋਂ ਸਤਿਕਾਰਿਆ ਜਾਂਦਾ ਹੈ ਜਿਨ੍ਹਾਂ ਨੇ ਮਨੁੱਖੀ ਸਮਾਨਤਾ ਲਈ ਸਵੈ-ਸਤਿਕਾਰ ਅੰਦੋਲਨ ਅਤੇ ਦ੍ਰਵਿੜ ਕੜਗਮ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਨੂੰ 'ਫਾਦਰ ਆਫ਼ ਦਾ ਦ੍ਰਾਵਿੜ ਅੰਦੋਲਨ' ਵੀ ਕਿਹਾ ਜਾਂਦਾ ਹੈ ਜਿਨ੍ਹਾਂ ਨੇ ਆਪਣਾ ਜੀਵਨ ਲਿੰਗ ਅਤੇ ਜਾਤੀ ਅਸਮਾਨਤਾ ਦੇ ਵਿਰੁੱਧ ਬਗਾਵਤ ਕਰਨ ਵਿੱਚ ਲਾ ਦਿੱਤਾ। 2021 ਤੋਂ, ਭਾਰਤ ਦਾ ਤਾਮਿਲਨਾਡੂ ਰਾਜ ਉਸ ਦੇ ਜਨਮ ਦਿਨ ਨੂੰ 'ਸਮਾਜਿਕ ਨਿਆਂ ਦਿਵਸ' ਵਜੋਂ ਵੀ ਮਨਾਉਂਦਾ ਆ ਰਿਹਾ ਹੈ ਉਨ੍ਹਾਂ ਦਾ ਜਨਮ 17 ਸਤੰਬਰ 1879 ਨੂੰ ਤਾਮਿਲਨਾਡੂ ਦੇ ਸ਼ਹਿਰ ਇਰੋਡ ਵਿੱਚ ਪਿਤਾ ਵੈਂਕਟਾ ਨਾਈਕਰ ਅਤੇ ਮਾਤਾ ਚਿੰਨਾਤਾਈ ਦੇ ਖ਼ੁਸ਼ਹਾਲ ਤੇ ਪਰੰਪਰਾਵਾਦੀ ਪਰਿਵਾਰ ਵਿੱਚ ਹੋਇਆ। ਉਹ ਸਾਰੀ ਜ਼ਿੰਦਗੀ ਦੇਸ਼ ਅਤੇ ਸਮਾਜ ਵਿੱਚ ਫੈਲੇ ਅੰਧਵਿਸ਼ਵਾਸਾਂ ਖ਼ਾਸਕਰ ਭਾਰਤੀ ਜਾਤੀ ਪ੍ਰਬੰਧ ਖਿਲਾਫ, ਨੀਵੇਂ ਕਰਾਰ ਦਿੱਤੇ ਗਾਏ ਲੋਕਾਂ ਅਤੇ ਔਰਤਾਂ ਦੇ ਹੱਕਾਂ ਲਈ ਲੜਦੇ ਰਹੇ। ਉਨ੍ਹਾਂ ਰੂਸ ਤੇ ਹੋਰ ਯੂਰਪੀ ਮੁਲਕਾਂ ਦਾ ਦੌਰਾ ਕਰ ਕੇ ਸਾਮਵਾਦ ਦਾ ਅਸਰ ਵੀ ਕਬੂਲਿਆ। ਉਹ ਮੁੱਢਲੀ ਪੜ੍ਹਾਈ ਵੀ ਪੂਰੀ ਨਹੀਂ ਸਨ ਕਰ ਸਕੇ ਜਦੋਂ ਉਨ੍ਹਾਂ ਨੂੰ ਆਪਣੇ ਪਿਤਾ ਦੇ ਕਾਰੋਬਾਰ ਵਿੱਚ ਲੱਗਣਾ ਪਿਆ। ਬੇਸ਼ੱਕ ਉਨ੍ਹਾਂ ਦੇ ਘਰ ਹਮੇਸ਼ਾ ਪੂਜਾ-ਪਾਠ ਚੱਲਦਾ ਰਹਿੰਦਾ ਸੀ ਪਰ ਆਪਣੀ ਤਰਕਸ਼ੀਲ ਸੋਚ ਸਦਕਾ ਉਹ ਜ਼ਾਤੀ ਵਿਵਸਥਾ ਦੇ ਨਾਂ ਤੇ ਲਿਤਾੜੇ ਹੋਏ ਲੋਕਾਂ ਅਤੇ ਔਰਤਾਂ ਦੀ ਅਜ਼ਾਦੀ ਦੇ ਹੱਕ ਵਿੱਚ ਗੱਲਾਂ ਕਰਨ ਲੱਗ ਪਏ ਸਨ ਅਤੇ ਉਨ੍ਹਾਂ ਦੀ ਹਕੀਕਤ ਉੱਤੇ ਸਵਾਲ ਖੜ੍ਹੇ ਕਰਨ ਲੱਗੇ। ਰਾਮਾਸਵਾਮੀ ਪੇਰੀਆਰ ਦੀ ਸੋਚ ਵਿੱਚ ਇਨਕਲਾਬੀ ਮੋੜ 1904 ਵਿੱਚ ਆਇਆ ਜਦੋਂ ਉਹ ਉੱਤਰ ਪ੍ਰਦੇਸ਼ ਸਥਿਤ ਕਿਸੇ ਪਵਿੱਤਰ ਮੰਨੇ ਜਾਂਦੇ ਸ਼ਹਿਰ ਕਾਂਸ਼ੀ (ਵਾਰਾਣਸੀ) ਗਏ। ਉਨ੍ਹਾਂ ਆਪਣੇ ਪਿਤਾ ਦੀ ਕਿਸੇ ਨਰਾਜ਼ਗੀ ਕਾਰਨ ਘਰ ਛੱਡ ਦਿੱਤਾ ਸੀ। ਕਾਸ਼ੀ ਵਿੱਚ ਉਨ੍ਹਾਂ ਨੂੰ ਜਾਤੀਵਾਦੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਉਨ੍ਹਾਂ ਉੱਥੇ ਮੁਫ਼ਤ ਭੋਜ ਵਿੱਚੋਂ ਭੋਜਨ ਖਾਣ ਦੀ ਕੋਸ਼ਿਸ਼ ਕੀਤੀ, ਪਰ ਭੋਜਨ ਸਿਰਫ ਕੁਝ ਖਾਸ ਵਰਗ ਲਈ ਹੋਣ ਕਾਰਨ ਉਨ੍ਹਾਂ ਨੂੰ ਦੁਰਕਾਰ ਦਿੱਤਾ ਗਿਆ। ਬਹੁਤ ਭੁੱਖੇ ਤੇ ਕੋਲ ਪੈਸੇ ਨਾ ਹੋਣ ਕਾਰਨ ਉਨ੍ਹਾਂ ਨੇ ਆਪਣਾ ਭੇਸ਼ ਬਦਲ ਕੇ ਉੱਥੇ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਪਰ ਮੁੱਛਾਂ ਕਾਰਨ ਪਛਾਣੇ ਗਏ। ਦਰਬਾਨ ਨੇ ਉਨ੍ਹਾਂ ਨੂੰ ਧੱਕੇ ਦੇ ਕੇ ਭਜਾ ਦਿੱਤਾ। ਮਜਬੂਰਨ ਉਨ੍ਹਾਂ ਨੂੰ ਪੱਤਲਾਂ ਦੇ ਢੇਰ ਤੋਂ ਜੂਠਾ ਬਚਿਆ ਭੋਜਨ ਖਾਣਾ ਪਿਆ। ਇਹ ਦੇਖਕੇ ਉਨ੍ਹਾਂ ਦਾ ਦਿਲ ਬਹੁਤ ਦੁਖੀ ਹੋਇਆ ਕਿ ਜਾਤੀ ਵਿਤਕਰੇ ਕਾਰਨ ਉਨ੍ਹਾਂ ਨੂੰ ਉਹ ਖਾਣਾ ਵੀ ਖਾਣ ਦੀ ਇਜਾਜ਼ਤ ਨਹੀਂ ਜਿਹੜਾ ਦੱਖਣ ਦੇ ਕਿਸੇ ਗੈਰ ਧਾਰਮਿਕ ਬੰਦੇ ਵਲੋਂ ਤਿਆਰ ਕਰਵਾਇਆ ਗਿਆ ਸੀ ਇਸ ਤੋਂ ਬਾਅਦ ਪੇਰੀਆਰ ਨੇ ਸਾਂਝੀ ਮਨੁੱਖਤਾ ਦੇ ਵਿਸ਼ੇ ਤੇ ਭਾਸ਼ਣ ਦੇਣ ਅਤੇ ਅੰਦੋਲਨ ਕਰਨ ਵਿੱਚ ਪੰਜਾਹ ਸਾਲ ਤੋਂ ਵੱਧ ਸਮਾਂ ਬਿਤਾਇਆ, ਇਸ ਅਹਿਸਾਸ ਦਾ ਪ੍ਰਚਾਰ ਕੀਤਾ ਕਿ ਹਰ ਕੋਈ ਇੱਕ ਬਰਾਬਰ ਨਾਗਰਿਕ ਹੈ ਅਤੇ ਜਾਤੀ ਅਤੇ ਨਸਲ ਦੇ ਅਧਾਰ 'ਤੇ ਮਤਭੇਦ ਸਮਾਜ ਵਿੱਚ ਨਿਰਦੋਸ਼ ਅਤੇ ਅਣਜਾਣ ਲੋਕਾਂ ਨੂੰ ਕਮਜ਼ੋਰ ਰੱਖਣ ਲਈ ਮਨੁੱਖ ਦੁਆਰਾ ਬਣਾਏ ਗਏ ਸਨ। ਪੇਰੀਆਰ ਤਰਕ ਨੂੰ ਇੱਕ ਵਿਸ਼ੇਸ਼ ਸਾਧਨ ਵਜੋਂ ਦੇਖਦੇ ਸਨ। ਉਨ੍ਹਾਂ ਦੇ ਅਨੁਸਾਰ, ਸਾਰਿਆਂ ਨੂੰ ਇਸ ਸਾਧਨ ਦਾ ਅਸ਼ੀਰਵਾਦ ਮਿਲਿਆ ਸੀ, ਪਰ ਬਹੁਤ ਘੱਟ ਲੋਕਾਂ ਨੇ ਇਸ ਦੀ ਵਰਤੋਂ ਕੀਤੀ। ਇਸ ਤਰ੍ਹਾਂ ਰਾਮਾਸਾਮੀ ਨੇ ਆਪਣੇ ਦਰਸ਼ਕਾਂ ਨੂੰ ਪੇਸ਼ ਕਰਨ ਵਿੱਚ ਸਮਾਜਿਕ ਦਿਲਚਸਪੀ ਦੇ ਵਿਸ਼ਿਆਂ ਦੇ ਸੰਬੰਧ ਵਿੱਚ ਤਰਕ ਦੀ ਵਰਤੋਂ ਕੀਤੀ। ਤਾਮਿਲ ਸਮਾਜ ਵਿੱਚ ਫਿਰਕੂ ਮਤਭੇਦਾਂ ਨੂੰ ਬਹੁਤ ਸਾਰੇ ਲੋਕਾਂ ਦੁਆਰਾ ਡੂੰਘੀਆਂ ਜੜ੍ਹਾਂ ਵਾਲੀਆਂ ਵਿਸ਼ੇਸ਼ਤਾਵਾਂ ਮੰਨਿਆ ਜਾਂਦਾ ਸੀ ਜਦੋਂ ਤੱਕ ਰਾਮਾਸਾਮੀ ਦ੍ਰਿਸ਼ ਵਿੱਚ ਨਹੀਂ ਆਏ ਸਨ। ਪੇਰੀਆਰ ਦੇ ਸਿਧਾਂਤਾਂ ਅਤੇ ਉਨ੍ਹਾਂ ਦੁਆਰਾ ਸ਼ੁਰੂ ਕੀਤੇ ਅੰਦੋਲਨਾਂ ਦਾ ਅਧਾਰ ਤਰਕਵਾਦ ਸੀ। ਉਨ੍ਹਾਂ ਨੇ ਸੋਚਿਆ ਕਿ ਸਮਾਜ ਵਿੱਚ ਇੱਕ ਮਾਮੂਲੀ ਸਰਮਾਏਦਾਰ ਘੱਟ ਗਿਣਤੀ, ਗਰੀਬ ਬਹੁਗਿਣਤੀ ਦਾ ਸ਼ੋਸ਼ਣ ਕਰ ਰਹੀ ਹੈ ਅਤੇ ਇਸ ਨੂੰ ਹਮੇਸ਼ਾ ਲਈ ਇੱਕ ਅਧੀਨ ਸਥਿਤੀ ਵਿੱਚ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ। ਉਹ ਚਾਹੁੰਦੇ ਸਨ ਕਿ ਸ਼ੋਸ਼ਿਤ ਲੋਕ ਉੱਠ ਕੇ ਆਪਣੀ ਸਥਿਤੀ ਬਾਰੇ ਸੋਚਣ ਅਤੇ ਆਪਣੇ ਤਰਕ ਦੀ ਵਰਤੋਂ ਇਹ ਮਹਿਸੂਸ ਕਰਨ ਲਈ ਕਰਨ ਕਿ ਉਨ੍ਹਾਂ ਦਾ ਮੁੱਠੀ ਭਰ ਲੋਕਾਂ ਦੁਆਰਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਜੇ ਉਹ ਸੋਚਣ ਲੱਗ ਪੈਣ ਤਾਂ ਉਨ੍ਹਾਂ ਨੂੰ ਅਹਿਸਾਸ ਹੋਵੇਗਾ ਕਿ ਉਹ ਬਾਕੀਆਂ ਵਾਂਗ ਮਨੁੱਖ ਹਨ, ਅਤੇ ਕਿਸੇ ਗੈਬੀ ਸ਼ਕਤੀ ਨੇ ਉਨ੍ਹਾਂ ਨੂੰ ਗਰੀਬੀ ਨਹੀਂ ਦਿੱਤੀ ਕਿ ਜਨਮ ਨੇ ਦੂਜਿਆਂ ਉੱਤੇ ਉੱਤਮਤਾ ਨਹੀਂ ਦਿੱਤੀ ਅਤੇ ਨਾਲ ਹੀ ਉਨ੍ਹਾਂ ਨੂੰ ਆਪਣੇ ਆਪ ਨੂੰ ਜਗਾਉਣਾ ਚਾਹੀਦਾ ਹੈ ਅਤੇ ਆਪਣੀ ਸਥਿਤੀ ਨੂੰ ਸੁਧਾਰਨ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ, ਪੇਰੀਆਰ ਨੇ ਸਮਝਾਇਆ ਕਿ ਸਿਆਣਪ ਸੋਚ ਵਿੱਚ ਹੈ ਅਤੇ ਸੋਚ ਦਾ ਬਰਛਾ-ਸਿਰ ਤਰਕਵਾਦ ਹੈ। ਜਾਤੀ ਬਾਰੇ ਉਨ੍ਹਾਂ ਕਿਹਾ ਕਿ ਕੋਈ ਹੋਰ ਜੀਵ ਆਪਣੀ ਜਮਾਤ ਨੂੰ ਨੁਕਸਾਨ ਜਾਂ ਬੇਇੱਜ਼ਤੀ ਨਹੀਂ ਕਰਦਾ। ਪਰ ਮਨੁੱਖ, ਜਿਸ ਨੂੰ ਇੱਕ ਤਰਕਸ਼ੀਲ ਜੀਵ ਕਿਹਾ ਜਾਂਦਾ ਹੈ, ਇਹ ਬੁਰਾਈਆਂ ਕਰਦਾ ਹੈ। ਅੱਜ ਸਮਾਜ ਵਿੱਚ ਜੋ ਮਤਭੇਦ, ਨਫ਼ਰਤ, ਵੈਰ, ਪਤਨ, ਗਰੀਬੀ ਅਤੇ ਬੁਰਾਈਆਂ ਪ੍ਰਚੱਲਿਤ ਹਨ, ਉਹ ਸਿਆਣਪ ਅਤੇ ਤਰਕਸ਼ੀਲਤਾ ਦੀ ਘਾਟ ਕਾਰਨ ਹਨ ਨਾ ਕਿ ਰੱਬ ਜਾਂ ਸਮੇਂ ਦੀ ਬੇਰਹਿਮੀ ਕਾਰਨ। ਰਾਮਾਸਾਮੀ ਨੇ ਆਪਣੀਆਂ ਕਿਤਾਬਾਂ ਅਤੇ ਰਸਾਲਿਆਂ ਵਿੱਚ ਕਈ ਵਾਰ ਲਿਖਿਆ ਸੀ ਕਿ ਬ੍ਰਿਟਿਸ਼ ਸ਼ਾਸਨ ਸਵੈ-ਸ਼ਾਸਨ ਨਾਲੋਂ ਬਿਹਤਰ ਹੈ। ਪੇਰੀਆਰ ਨੇ ਪੂੰਜੀਪਤੀਆਂ ਨੂੰ ਉਨ੍ਹਾਂ ਦੇ ਮਸ਼ੀਨਰੀ ਦੇ ਨਿਯੰਤਰਣ ਲਈ ਵੀ ਜ਼ਿੰਮੇਵਾਰ ਠਹਿਰਾਇਆ, ਜਿਸ ਨਾਲ ਮਜ਼ਦੂਰਾਂ ਲਈ ਮੁਸ਼ਕਲਾਂ ਪੈਦਾ ਹੋਈਆਂ। ਉਸ ਦੇ ਫ਼ਲਸਫ਼ੇ ਅਨੁਸਾਰ, ਤਰਕਵਾਦ, ਜਿਸ ਨੂੰ ਸਾਰਿਆਂ ਲਈ ਸ਼ਾਂਤੀਪੂਰਨ ਜੀਵਨ ਦਾ ਰਾਹ ਦਿਖਾਉਣਾ ਚਾਹੀਦਾ ਹੈ, ਦੇ ਨਤੀਜੇ ਵਜੋਂ ਪ੍ਰਭਾਵਸ਼ਾਲੀ ਤਾਕਤਾਂ ਕਾਰਨ ਲੋਕਾਂ ਵਿੱਚ ਗਰੀਬੀ ਅਤੇ ਚਿੰਤਾ ਪੈਦਾ ਹੋ ਗਈ ਸੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕੋਲ ਸਵੈ-ਮਾਣ ਜਾਂ ਵਿਗਿਆਨਕ ਗਿਆਨ ਦੀ ਘਾਟ ਹੈ ਤਾਂ ਸਿਰਫ਼ ਖ਼ਿਤਾਬ ਹਾਸਲ ਕਰਨ ਜਾਂ ਦੌਲਤ ਇਕੱਠੀ ਕਰਨ ਦਾ ਕੋਈ ਫਾਇਦਾ ਨਹੀਂ ਹੈ। ਉਸ ਨੇ ਇੱਕ ਉਦਾਹਰਣ ਦਿੱਤੀ ਸੀ ਕਿ ਵਿਗਿਆਨਕ ਦੇਸ਼ ਗ੍ਰਹਿਆਂ ਨੂੰ ਸੰਦੇਸ਼ ਭੇਜ ਰਹੇ ਹਨ, ਜਦੋਂ ਕਿ ਭਾਰਤ ਵਿੱਚ ਅਜੇ ਵੀ ਅਸੀਂ ਪੁਜਾਰੀਆਂ ਰਾਹੀਂ ਆਪਣੇ ਮਰੇ ਹੋਏ ਪੁਰਖਿਆਂ ਨੂੰ ਚਾਵਲ ਅਤੇ ਅਨਾਜ ਭੇਜ ਰਹੇ ਹਾਂ।

ਪੁਜਾਰੀਆਂ ਨੂੰ ਭੇਜੇ ਸੰਦੇਸ਼ ਵਿੱਚ, ਰਾਮਾਸਾਮੀ ਨੇ ਕਿਹਾ ਸੀ ਕਿ "ਪ੍ਰਮਾਤਮਾ, ਧਰਮ ਅਤੇ ਸ਼ਾਸਤਰਾਂ ਦੇ ਨਾਮ 'ਤੇ ਤੁਸੀਂ ਸਾਨੂੰ ਧੋਖਾ ਦਿੱਤਾ ਹੈ। ਅਸੀਂ ਸੱਤਾਧਾਰੀ ਲੋਕ ਸੀ ਪਰ ਤੁਸੀਂ ਸਾਨੂੰ ਧੋਖਾ ਦਿੱਤਾ ਹੁਣ ਵਕਤ ਆ ਗਿਆ ਹੈ ਕਿ ਧੋਖਾ ਦੇਣ ਦੀ ਰਾਜਨੀਤੀ ਨੂੰ ਬੰਦ ਕੀਤਾ ਜਾਵੇ। ਤਰਕਸ਼ੀਲਤਾ ਅਤੇ ਮਨੁੱਖਤਾਵਾਦ ਨੂੰ ਜਗ੍ਹਾ ਦਿਓ। ਉਨ੍ਹਾਂ ਅੱਗੇ ਕਿਹਾ ਕਿ "ਕੋਈ ਵੀ ਵਿਰੋਧ ਜੋ ਤਰਕਵਾਦ, ਵਿਗਿਆਨ ਜਾਂ ਅਨੁਭਵ 'ਤੇ ਅਧਾਰਤ ਨਹੀਂ ਹੈ, ਇੱਕ ਦਿਨ ਜਾਂ ਕਿਸੇ ਹੋਰ ਦਿਨ ਧੋਖਾਧੜੀ, ਸੁਆਰਥ, ਝੂਠ ਅਤੇ ਸਾਜ਼ਿਸ਼ਾਂ ਨੂੰ ਪ੍ਰਗਟ ਕਰੇਗਾ। ਰਾਮਾਸਾਮੀ ਦਾ ਸਵੈ-ਮਾਣ ਦਾ ਫ਼ਲਸਫ਼ਾ ਇੱਕ ਆਦਰਸ਼ ਸੰਸਾਰ ਅਤੇ ਵਿਸ਼ਵਵਿਆਪੀ ਤੌਰ 'ਤੇ ਸਵੀਕਾਰ ਕੀਤੇ ਗਏ ਉਸ ਦੇ ਅਕਸ' ਤੇ ਅਧਾਰਤ ਸੀ। ਉਸ ਦਾ ਫ਼ਲਸਫ਼ਾ ਇਹ ਉਪਦੇਸ਼ ਦਿੰਦਾ ਹੈ ਕਿ ਮਨੁੱਖੀ ਕਾਰਜ ਤਰਕਸ਼ੀਲ ਸੋਚ ਉੱਤੇ ਅਧਾਰਤ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ, ਮਨੁੱਖ ਦੀ ਕੁਦਰਤੀ ਪ੍ਰਵਿਰਤੀ ਦਾ ਨਤੀਜਾ ਹੈ ਕਿ ਉਹ ਹਰ ਵਸਤੂ ਅਤੇ ਹਰ ਕਾਰਜ ਅਤੇ ਇੱਥੋਂ ਤੱਕ ਕਿ ਕੁਦਰਤ ਦੀ ਜਾਂਚ ਪੜਤਾਲ ਦੀ ਭਾਵਨਾ ਨਾਲ ਕਰੇ ਅਤੇ ਗੁਲਾਮੀ ਦੇ ਬਰਾਬਰ ਕਿਸੇ ਵੀ ਤਰਕਹੀਣ ਚੀਜ਼ ਦੇ ਅਧੀਨ ਹੋਣ ਤੋਂ ਇਨਕਾਰ ਕਰੇ। ਇਸ ਤਰ੍ਹਾਂ, ਸਵੈ-ਮਾਣ ਦੇ ਫ਼ਲਸਫ਼ੇ ਨੇ ਸਿਖਾਇਆ ਕਿ ਮਨੁੱਖੀ ਕਾਰਜਾਂ ਨੂੰ ਤਰਕ ਦੁਆਰਾ ਨਿਰਦੇਸ਼ਿਤ ਕੀਤਾ ਜਾਣਾ ਚਾਹੀਦਾ ਹੈ, ਸਹੀ ਅਤੇ ਗਲਤ ਨੂੰ ਤਰਕਸ਼ੀਲ ਸੋਚ ਤੋਂ ਪਾਲਣਾ ਕਰਨੀ ਚਾਹੀਦੀ ਹੈ ਅਤੇ ਤਰਕ ਤੋਂ ਲਏ ਗਏ ਸਿੱਟਿਆਂ ਦਾ ਹਰ ਸਥਿਤੀ ਵਿੱਚ ਸਨਮਾਨ ਕੀਤਾ ਜਾਣਾ ਚਾਹੀਦਾ। ਆਜ਼ਾਦੀ ਦਾ ਅਰਥ ਹੈ 'ਤਰਕ' ਦੇ ਅਧਾਰ 'ਤੇ ਮਨੁੱਖਾਂ ਦੁਆਰਾ' ਸਹੀ 'ਮੰਨੇ ਜਾਣ ਵਾਲੇ ਵਿਚਾਰਾਂ ਅਤੇ ਕਾਰਜਾਂ ਦਾ ਸਨਮਾਨ ਕਰਨਾ। 'ਆਜ਼ਾਦੀ' ਅਤੇ 'ਸਵੈ-ਮਾਣ' ਵਿੱਚ ਬਹੁਤ ਜ਼ਿਆਦਾ ਅੰਤਰ ਨਹੀਂ ਹੈ ਰਾਮਾਸਾਮੀ ਨੇ ਲੋਕਾਂ ਨੂੰ ਸਭ ਤੋਂ ਵੱਡੀ ਅਪੀਲ ਸਵੈ-ਮਾਣ ਵਿਕਸਿਤ ਕਰਨ ਦੀ ਕੀਤੀ ਸੀ। ਉਨ੍ਹਾਂ ਨੇ ਪ੍ਰਚਾਰ ਕੀਤਾ ਕਿ ਆਪਣੇ ਆਪ ਨੂੰ ਉੱਚਾ ਮੰਨਣ ਵਾਲਿਆਂ ਨੇ ਦਹਾਕਿਆਂ ਤੱਕ ਹਾਸ਼ਿਏ ਤੇ ਰੱਖੇ ਗਏ ਲੋਕਾਂ ਦਾ ਜ਼ਾਤ ਅਤੇ ਧਰਮ ਦੇ ਨਾਂ ਤੇ ਸ਼ੋਸ਼ਣ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਸਵੈ-ਮਾਣ ਤੋਂ ਵਾਂਝੇ ਰੱਖਿਆ। ਪੇਰੀਆਰ ਨੇ ਪੂਰੀ ਜ਼ਿੰਦਗੀ ਕੋਸ਼ਿਸ਼ ਕੀਤੀ ਕਿ ਸ਼ਾਤਰ ਲੋਕਾਂ ਵਲੋਂ ਜ਼ਾਤੀ ਅਤੇ ਧਰਮ ਵਿੱਚ ਉਲਝਾਈ ਮਨੁੱਖਤਾ ਨੂੰ ਮਾਨਵਤਾ ਅਤੇ ਸਮਾਨਤਾ ਦੇ ਸਾਰੇ ਹੱਕ ਮਿਲਣ। 19 ਦਸੰਬਰ 1973 ਨੂੰ ਚੇਨਈ ਦੇ ਤਿਆਗਰਾਇਆ ਨਗਰ ਵਿਖੇ ਆਪਣੀ ਆਖਰੀ ਮੀਟਿੰਗ ਵਿੱਚ, ਰਾਮਾਸਾਮੀ ਨੇ ਸਮਾਜਿਕ ਬਰਾਬਰੀ ਅਤੇ ਇੱਕ ਸਨਮਾਨਜਨਕ ਜੀਵਨ ਸ਼ੈਲੀ ਪ੍ਰਾਪਤ ਕਰਨ ਲਈ ਕਾਰਵਾਈ ਕਰਨ ਦਾ ਸੱਦਾ ਦਿੱਤਾ ਅਤੇ 24 ਦਸੰਬਰ 1973 ਨੂੰ ਰਾਮਾਸਾਮੀ ਪੇਰੀਆਰ ਦੀ 94 ਸਾਲ ਦੀ ਉਮਰ ਵਿੱਚ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ।



ਕੁਲਦੀਪ ਸਿੰਘ
ਸਾਹਿਲ
9417990040

# ਬੂਟਾ ਸਿੰਘ ਚੌਹਾਨ ਦੀ ਪੁਸਤਕ ਸਾਹਾਂ ਦੇ ਸਾਕ ਉਪਰ ਗੋਸ਼ਟੀ ਕਰਵਾਈ

## ਭਾਸ਼ਾ ਵਿਭਾਗ ਵਲੋ ਸਰਵੋਤਮ ਪੁਸਤਕ ਪੁਰਸਕਾਰ ਦੇ ਲੇਖਕਾਂ ਦਾ ਸਨਮਾਨ ਕੀਤਾ ਗਿਆ





**ਬਰਨਾਲਾ (ਚੰਡਿਹੋਕ)** ਬੀਤੇ ਦਿਨੀਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਪੰਜਾਬੀ ਸਾਹਿਤ ਸਭਾ ਰਜਿ ਬਰਨਾਲਾ ਵਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਪੰਜਾਬ ਰਤਨ ਓਮ ਪ੍ਰਕਾਸ਼ ਗਾਸੋ ਨੇ ਕੀਤੀ। ਸਮਾਗਮ ਦੌਰਾਨ ਬਹੁ ਪੱਖੀ ਲੇਖਕ ਅਤੇ ਸੀਨੀਅਰ ਮੈਂਬਰ ਬੂਟਾ ਸਿੰਘ ਚੌਹਾਨ ਦੀ ਪੁਸਤਕ "ਸਾਹਾਂ ਦੇ ਸਾਕ" ਉਪਰ ਗੋਸ਼ਟੀ ਕਰਵਾਈ ਗਈ ਜਿਸ ਤੇ ਡਾਕਟਰ ਅਰਵਿੰਦਰ ਕੌਰ ਕਾਕੜਾ ਨੇ ਪੇਪਰ ਪੜ੍ਹਦਿਆਂ ਇਸ ਪੁਸਤਕ ਨੂੰ ਅਤੀਤ ਦੀਆਂ ਯਾਦਾਂ ਦੇ ਨਕਸ਼ਾਂ ਦਾ ਚਿਤਰਮਾਨ ਦੱਸਿਆ। ਇਸ ਪੁਸਤਕ ਉਪਰ ਭੋਲਾ ਸਿੰਘ ਸੰਘੇੜਾ, ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ, ਡਾਕਟਰ ਰਾਮਪਾਲ ਸਿੰਘ, ਪਰਮਜੀਤ ਮਾਨ ਅਤੇ ਮੇਘ ਰਾਜ ਮਿੱਤਰ ਨੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ।

ਸਮਾਗਮ ਦੇ ਦੂਜੇ ਹਿੱਸੇ ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਵੋਤਮ ਪੁਸਤਕ ਪੁਰਸਕਾਰ ਵਿਜੇਤਾ ਲੇਖਕਾਂ ਬੂਟਾ ਸਿੰਘ ਚੌਹਾਨ, ਤੇਜਾ ਸਿੰਘ ਤਿਲਕ, ਹਰਦੀਪ ਬਾਵਾ, ਪਰਮਜੀਤ ਮਾਨ ਅਤੇ ਸੁਦਰਸ਼ਨ ਗਾਸੋ ਦਾ ਸਨਮਾਨ ਕੀਤਾ ਗਿਆ। ਪ੍ਰਿੰ. ਕਰਮ ਸਿੰਘ ਭੰਡਾਰੀ ਦੇ 76ਵੇਂ ਜਨਮਦਿਨ ਤੇ ਸਭਾ ਵਲੋ ਉਹਨਾਂ ਦਾ ਸਨਮਾਨ ਕੀਤਾ ਗਿਆ। ਭੰਡਾਰੀ ਵਲੋ ਗੁਰੂ ਗੋਬਿੰਦ ਸਿੰਘ ਜੀ ਦੇ ਬਾਰੇ ਛਪੇ ਪੈਂਫਲੈਟ ਵਿਤਰਿਤ ਕੀਤੇ। ਉਪਰੰਤ ਹੋਏ ਕਾਵਿ ਦਰਬਾਰ ਵਿੱਚ ਪਾਲ ਸਿੰਘ ਲਹਿਰੀ, ਹਾਕਮ ਸਿੰਘ ਰੂੜੇਕੇ, ਰਘਬੀਰ ਸਿੰਘ ਗਿੱਲ, ਸੁਖਵਿੰਦਰ ਸਨੇਹ, ਰਾਜਿੰਦਰ ਸ਼ੌਂਕੀ, ਕਰਮਿੰਦਰ ਸਿੰਘ, ਅੰਜਨਾ ਮੈਮਨ ਅਤੇ ਮਲਕੀਤ ਸਿੰਘ ਗਿੱਲ ਨੇ ਹਿੱਸਾ ਲਿਆ। ਸਭਾ ਦੇ ਵਿੱਤ ਸਕੱਤਰ ਰਾਮ ਸਰੂਪ ਸ਼ਰਮਾ ਦੀ ਭਰਜਾਈ ਦੇ ਅਕਾਲ ਚਲਾਣੇ ਤੇ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਮਾਗਮ ਦਾ ਮੰਚ ਸੰਚਾਲਨ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਨੇ ਆਪਣੇ ਵਿਚਾਰਾਂ ਨਾਲ ਬਾ - ਖੂਬੀ ਨਿਭਾਇਆ। ਸਾਰੇ ਲੇਖਕਾਂ ਅਤੇ ਮਹਿਮਾਨਾਂ ਦਾ ਕਹਾਣੀਕਾਰ ਪਵਨ ਪਰਿੰਦਾ ਨੇ ਧੰਨਵਾਦ ਕੀਤਾ। ਸਮਾਗਮ ਦੌਰਾਨ ਚਰਨ ਸਿੰਘ ਭੋਲਾ, ਕੁਲ ਰੌਨਕ ਸਿੰਘ, ਤੇਜਿੰਦਰ ਚੰਡਿਹੋਕ, ਡਿੰਪਲ ਕੁਮਾਰ ਸ਼ਰਮਾ, ਮੇਜਰ ਸਿੰਘ ਗਿੱਲ, ਲਛਮਣ ਦਾਸ ਮੁਸਾਫ਼ਿਰ, ਭਰਪੂਰ ਸਿੰਘ, ਗੋਬਿੰਦਰ ਸਿੰਘ, ਗੁਰਚਰਨ ਸਿੰਘ, ਕਮਲਜੀਤ ਸਿੰਘ ਮਾਨ, ਸੁਰਿੰਦਰਪਾਲ ਸਿੰਘ, ਹਰਜਿੰਦਰ ਕੁਮਾਰ, ਜ਼ੋਰਾ ਸਿੰਘ, ਜਗਤਾਰ ਜਜ਼ੀਰਾ, ਦਰਸ਼ਨ ਸਿੰਘ ਗੁਰੂ, ਕੰਵਰਜੀਤ ਭੱਠਲ ਆਦਿ ਹਾਜਰ ਸਨ।

# ਸ਼ਹੀਦ ਭਗਤ ਸਿੰਘ ਨਗਰ ਦੇ ਬਸਪਾ ਵਰਕਰਾਂ ਨੂੰ ਅਪੀਲ




**ਸਰਬਜੀਤ ਸਿੰਘ ਜਾਫਰਪੁਰੀ ਬੰਗਾ (ਚਰਨਜੀਤ ਸੱਲ੍ਹਾ )** ਸੰਵਿਧਾਨ ਕੇ ਸਨਮਾਨ ਮੇਂ, ਬੀ ਐਸ ਪੀ ਮੈਦਾਨ ਮੇਂ ਬਹੁਜਨ ਸਮਾਜ ਪਾਰਟੀ ਵਲੋਂ 24 ਦਸੰਬਰ ਦਿਨ ਮੰਗਲਵਾਰ ਨੂੰ ਬਸਪਾ ਦੇ ਸੁਪਰੀਮੋ ਭੈਣ ਕੁਮਾਰੀ ਮਾਇਆ ਵਤੀ ਜੀ ਸਾਬਕਾ ਮੁੱਖ ਮੰਤਰੀ ਉਤਰ ਪਰਦੇਸ਼ ਵਲੋਂ ਦੇਸ਼ ਵਿਆਪੀ ਦਿਤੇ ਸੱਦੇ ਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਸਨਮਾਨ ਵਿੱਚ ਰੋਸ ਪ੍ਰਦਰਸ਼ਨ ਕਰਦੇ ਹੋਏ ਭਾਜਪਾ ਵਲੋਂ ਬਾਬਾ ਸਾਹਿਬ ਜੀ ਦੇ ਖਿਲਾਫ਼ ਅਪਮਾਨਜਨਕ ਟਿੱਪਣੀਆਂ ਲਈ ਭਾਜਪਾ ਮਾਫੀ ਮੰਗਣ ਜਿਲਾ ਹੈਡਕੁਆਰਟਰ ਤੇ ਡੀ ਸੀ ਨੂੰ ਮੰਗ ਪਤਰ ਦੇਣ ਦੇ ਅੰਦੋਲਨ ਦੇ ਤਹਿਤ ਜਿਲਾ ਸਹੀਦ ਭਗਤ ਸਿੰਘ ਨਗਰ ਦੀਆਂ ਬੰਗਾ, ਨਵਾਸ਼ਹਿਰ ਤੇ ਬਲਾਚੌਰ ਵਿਧਾਨਸਭਾ ਦੀ ਸਤਿਕਾਰਯੋਗ ਜਿਲਾ, ਵਿਧਾਨਸਭਾ, ਸੈਕਟਰ ਪੱਧਰ ਦੀ ਲੀਡਰਸ਼ਿਪ ਤੇ ਸਾਹਿਬ ਕਾਂਸ਼ੀ ਰਾਮ ਦੇ ਅੰਦੋਲਨ ਦੇ ਸਮਰਥਕਾਂ ਨੂੰ ਮੰਗਲਵਾਰ ਸਵੇਰੇ 10,30 ਵਜੇ ਪਾਰਟੀ ਦੇ ਜਿਲਾ ਦਫਤਰ ਨਜਦੀਕ ਡੀ ਸੀ ਦਫਤਰ ਸਾਥੀਆਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ

**ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ**
**( ਇੰਚਾਰਜ ਹਲਕਾ ਅੰਨਦਪੁਰ ਸਾਹਿਬ)**
**9417262501**
**ਸਰਬਜੀਤ ਜਾਫਰਪੁਰ**
**ਜਿਲਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ**

# ਸਮਾਜਿਕ ਸਮਾਨਤਾ ਸੰਗਠਨ ਪੰਜਾਬ (ਰਜਿ )ਡਾ. ਅਵਤਾਰ ਸਿੰਘ ਕਰੀਮਪੁਰੀ ਸੂਬਾ ਪ੍ਰਧਾਨ ਬਸਪਾ ਵੱਲੋਂ ਦਿੱਤੇ ਗਏ ਸੱਦੇ ਦਾ ਦਿਲੋਂ ਸਮਰਥਨ ਕਰਦਾ ਹਾਂ: ਖੁਸੀ ਰਾਮ (ਰਿਟਾ) ਆਈ ਏਂ ਐਸ

**ਬੰਗਾ (ਚਰਨਜੀਤ ਸੱਲ੍ਹਾ )** ਸਮਾਜਿਕ ਸਮਾਨਤਾ ਸੰਗਠਨ ਪੰਜਾਬ (ਰਜਿ) ਡਾਕਟਰ ਅਵਤਾਰ ਸਿੰਘ ਕਰੀਮਪੁਰੀ ਸੂਬਾ ਪ੍ਰਧਾਨ ਬਸਪਾ ਵੱਲੋਂ ਦਿੱਤੇ ਸੱਦੇ ਦਾ ਦਿਲੋਂ ਸਮਰਥਨ ਕਰਦਾ ਹਾਂ।

ਮੈਂ ਸਮਾਜਿਕ ਸਮਾਨਤਾ ਸੰਗਠਨ ਦਾ ਸੂਬਾ ਪ੍ਰਧਾਨ ਹੋਣ ਦੇ ਨਾਤੇ ਇਸ ਅੰਦੋਲਨ ਨੂੰ ਸਫਲ ਬਣਾਉਣ ਲਈ ਸਮਾਜਿਕ ਸਮਾਨਤਾ ਸੰਗਠਨ ਦੇ ਸਾਰੇ ਵਰਕਰਾਂ ਨੂੰ ਇਸ ਵਿੱਚ ਸ਼ਾਮਿਲ ਹੋਣ ਦੀ ਅਪੀਲ ਕਰਦਾ ਹਾਂ। ਮੈਂ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਤੇ ਕੰਮ ਕਰ ਰਹੀਆਂ 23 ਸੰਸਥਾਵਾਂ ਦਾ ਕੁਆਰਡੀਨੇਟਰ ਹੋਣ ਦੇ ਨਾਤੇ ਇੱਕ ਢੁਕਵਾਂ ਸੁਨੇਹਾ ਦੇਣ ਲਈ ਅਤੇ ਅੰਦੋਲਨ ਨੂੰ



ਮਜਬੂਤ ਕਰਨ ਲਈ ਸਾਰੇ ਸਾਥੀਆਂ ਨੂੰ ਇਕੱਠੇ ਹੋ ਕੇ ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਦੀ ਅਪੀਲ ਕਰਦਾ ਹਾਂ। ਬਾਬਾ ਸਾਹਿਬ ਦੇ ਖਿਲਾਫ ਕਿਸੇ ਵੀ ਤਰ੍ਹਾਂ ਦੀ ਆਲੋਚਨਾ ਨੂੰ ਦੇਸ਼ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਮਨੂਵਾਦੀ ਫਲਸਫੇ ਨੂੰ ਅੱਗੇ ਵਧਣ ਦਿੱਤਾ ਜਾਵੇਗਾ। ਬਾਬਾ ਸਾਹਿਬ ਇਸ ਧਰਤੀ ਦੇ 125 ਕਰੋੜ ਸਮਾਜ ਦੇ ਕਮਜ਼ੋਰ ਵਰਗ ਦੇ ਲੋਕਾਂ ਦੇ ਸੱਚੇ ਰੱਬ ਹਨ ਜਿਨਾਂ ਨੇ ਉਹਨਾਂ ਨੂੰ ਗੁਲਾਮੀ ਤੋਂ ਆਜ਼ਾਦ ਕਰਵਾ ਕੇ ਉਹਨਾਂ ਦੀ ਦੁੱਖਦਾਈ ਜਿੰਦਗੀ ਨੂੰ ਸੁਖ ਵਿੱਚ ਬਦਲਿਆ, ਇਸ ਕਰਕੇ ਉਹਨਾਂ ਦਾ ਕੋਈ ਵੀ ਅਪਮਾਨ ਇਸ ਧਰਤੀ ਦੇ ਬਰਦਾਸ਼ਤ ਨਹੀਂ ਕੀਤੇ ਜਾਵੇਗਾ।

**ਖੁਸ਼ੀ ਰਾਮ ਆਈ. ਏ. ਐਸ (ਰਿਟਾ.)**
**ਪ੍ਰਧਾਨ ਸਮਾਜਿਕ ਸਮਾਨਤਾ ਸੰਗਠਨ ਪੰਜਾਬ (ਰਜਿ)**

# ਸਾਹਿਤ ਸਮਾਜ

24/12/2024

## ਪ੍ਰਣਾਮ ਸ਼ਹੀਦਾਂ ਨੂੰ

ਮੈਂ ਮਿੱਟੀ ਕੀ ਔਕਾਤ ਮੇਰੀ
ਕਿ ਇਹਨਾਂ ਕੁਰਬਾਨੀਆਂ ਦੀ ਮਿਸਾਲ ਲਿਖਾਂ
ਵੈਰੀ ਡੱਕਰਿਆਂ ਵਾਂਗੂ ਵੱਢ ਸੁੱਟੇ
ਰਣ ਵਿੱਚ ਕਿਵੇਂ ਜੂਝੇ ਅਜੀਤ ਤੇ ਜੁਝਾਰ ਲਿਖਾਂ
ਸਿਰ ਮੁਗਲਾਂ ਦੇ ਧਰਤੀ ਤੇ ਪਏ ਫਿਰਨ ਰਿੜ੍ਹਦੇ
ਜਿਵੇਂ ਖੇਡਦੇ ਬੱਚੇ ਫੁੱਟਬਾਲ ਨਾਲ ਲਿਖਾਂ

ਮੌਤ ਹੋਈ ਤੇ ਸੋਗ ਨਾ ਮੁੱਕਣ ਏਥੇ
ਪੁੱਤ ਸ਼ਹੀਦ ਕਰਾ ਕੇ ਛੱਡਦਾ ਜੈਕਾਰੇ ਦਸਮੇਸ਼ ਦਾਤਾਰ ਲਿਖਾਂ
ਬੰਦੇ ਨਿਕਲਣ ਨਾ ਦਿੰਦੇ ਚਾਰ    ਹਵਾ ਵਿੱਚੋ
10 ਲੱਖ ਚੋ ਨਿਕਲਿਆ ਇਕੱਲਾ ਤਾੜੀ ਮਾਰ ਲਿਖਾਂ
ਲਾਸ਼ ਪੁੱਤਰ ਦੀ ਕੋਲੋ ਲੰਘਿਆ ਇਓ ਜਣਕੇ
ਪੁੱਤਰ,ਸਿੰਘ 40 ਸਮਝੇ ਇੱਕ ਸਮਾਨ ਲਿਖਾਂ
ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਦੇ ਖੂਨ ਨਾਲ ਉਸਰੀ
ਉਹ ਸਰਹੰਦ ਦੀ ਕਿਵੇ ਦੀਵਾਰ ਲਿਖਾਂ
ਸ਼ਹੀਦਾਂ ਦੀ ਦੁਨੀਆਂ ਤੇ ਇੱਕੋ ਹੈ ਮਾਂ ਗੁਜਰੀ ਜਗਤ ਮਾਤਾ
ਕਿਆ ਜਿਗਰੇ ਓਸਦੇ ਦੀ ਮੈ ਮਿਸਾਲ ਲਿਖਾਂ
ਕਿਵੇਂ ਹੰਡਾਇਆ ਉਸਨੇ ਸਾਰੀ ਉਮਰ ਕੁਰਬਾਨੀਆਂ ਨੂੰ
ਹੌਂਸਲੇ ਉਸਦੇ ਦੀ ਕਿਵੇ ਮੈ ਦਾਦ ਲਿਖਾਂ

ਸਰਬੰਸ ਵਾਰ ਕੇ ਵੀ ਜੰਗਲ ਵਿੱਚ ਪਿਆ ਕਰੇ ਸੁਕਰਾਨਾ
ਉਪਰੋਂ ਕਹੇ ਜੀਵਤ ਕਈ ਹਜਾਰ ਲਿਖਾਂ
ਜਿਹੜੀ ਇਹਨਾਂ ਕੁਰਬਾਨੀਆਂ ਨੂੰ ਪੂਰਾ ਲਿਖ ਜਾਵੇ
ਦੁਨੀਆਂ ਤੇ ਬਣੀ ਨਾ ਕੋਈ ਐਸੀ ਕਲਮ ਦਵਾਤ ਲਿਖਾਂ
ਕੁਬਾਨੀਆਂ ਵੱਡੀਆ ਨੇ ਦਰਸ਼ਨਾ ਤੇਰੀ ਔਕਾਤ ਛੋਟੀ
ਜੀ ਤਾਂ ਕਰੇ ਕਈ ਵਾਰ ਲਿਖਾਂ ਵਾਰ ਵਾਰ ਲਿਖਾਂ



ਦਰਸ਼ਨ ਸਿੰਘ
7009646108

## ਸਾਹਿਬਜ਼ਾਦਾ ਅਜੀਤ ਸਿੰਘ

ਮੁੱਛਾਂ ਫੁਟੀਆ ਨੇ, ਅੱਖਾਂ ਵਿੱਚ ਜਲਾਲ ਏਂ,
ਬਾਬਾ ਅਜੀਤ ਸਿੰਘ, ਗੋਬਿੰਦ ਦਾ ਲਾਲ ਏ।
ਡੋਲੇ ਫਰਕਦੇ  ਨੇ, ਵੈਰੀ ਧੜਕਦੇ ਨੇ,
ਬਣ ਤੁਰਿਆ ਉਹ ਐਸਾ ਭੁਚਾਲ ਏ।
ਤੇਗ ਲਿਸ਼ਕਦੀ ਏ, ਫੌਜ ਖਿਸਕਦੀ ਏ,
ਐਸਾ ਅਜੀਤ ਸਿੰਘ ਦਾ ਵੱਡਾ ਜਲਾਲ ਏ।
ਵੈਰੀ ਥਿਰਕਦੇ ਨੇ, ਖੜੇ ਬਿਲਕਦੇ  ਨੇ,
ਐਸਾ ਯੋਧੇ ਦਾ ਵੱਡਾ ਵਾਰ ਏ।
ਆਹੂ ਲਾਹੀ ਜਾਵੇ, ਵੈਰੀ ਮੁਕਾਈ ਜਾਵੇ,
ਸੁੱਟਿਆ ਲੋਥਾਂ ਦਾ ਵੱਡਾ ਭਾਰ ਏ,
ਮੁੜ ਉੱਠਦਾ ਨੀ, ਸਿਰ ਚੁੱਕਦਾ ਨੀ।
ਐਸਾ ਅਜੀਤ ਸਿੰਘ ਦਾ ਵੱਡਾ ਵਾਰ ਏ,
ਵੈਰੀ ਕੰਬੀ ਜਾਵੇ,ਨਾਲੇ ਹੰਭੀ ਜਾਵੇ।
ਇਸ ਸੂਰਮੇ ਦੀ ਨਾ ਕੋਈ ਸਾਰ ਏ,
ਤੇਗ ਫਤਿਹ ਕੀਤੀ, ਕੀ ਜਾਲਮ ਉੱਤੇ ਬੀਤੀ।
ਉਹ ਦੱਸ ਨਾ ਸਕੇ ਕੀ ਆਪਣਾ ਹਾਲ ਏ,
ਧੋਖਾ ਕਰ ਦਿੱਤਾ, ਵਾਰ ਪਿੱਠ ਤੇ ਕਰ ਦਿੱਤਾ।
ਕੀਤਾ ਜਾਲਮਾਂ ਲਹੂ ਲੁਹਾਣ ਏ,
ਸ਼ਰੀਰ ਬਿੰਨ ਦਿੱਤਾ ਰੋਮ-ਰੋਮ ਚਿਣ ਦਿੱਤਾ।
ਫਿਰ ਵੀ ਬਣਿਆ ਬੇਕਾਮਾਲ ਏ,
ਸ਼ਹੀਦੀ ਪਾ ਗਿਆ, ਅੰਬਰ ਹਿਲਾ ਗਿਆ।
ਐਸੀ ਸੂਰਮੇ ਨੇ ਕੀਤੀ ਕਮਾਲ ਏ,
ਜਿੱਤਿਆ ਉਹ ਜਾਵੇ ਨਾ, ਮੌਤ ਡਰਾਵੇ ਨਾ।
ਐਸਾ ਅਜੀਤ ਸਿੰਘ ਗੁਰੂ ਦਾ ਲਾਲ ਏ,
ਨਾ ਜਿੱਤਿਆ ਗਿਆ ਹਾਂ ਤਾਂ ਅਜੀਤ ਏ।
ਐਸ.ਪੀ ਲਿਖੇਂਗਾ ਉਹ ਐਡਾ ਵੱਡਾ ਗੀਤ ਏ।



ਸਤਿੰਦਰਪਾਲ ਸਿੰਘ
ਲੈਕਚਰਾਰ ਫਿਜਿਕਸ
ਸੰਪਰਕ: 98880 45355

## ਡਾ ਅੰਬੇਡਕਰ ਬੁੱਧਿਸਟ ਟਰਸਟ ਬੰਗਾ ਨੇ ਅਮਿਤ ਸ਼ਾਹ ਖਿਲਾਫ਼ ਪਾਇਆ ਨਿਖੇਧੀ ਮਤਾ



ਬੰਗਾ ਵਿਖੇ ਡਾ ਅੰਬੇਡਕਰ ਬੁੱਧਿਸਟ ਟਰੱਸਟ ਦੇ ਅਹੁਦੇਦਾਰ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ।

**ਬੰਗਾ ( ਚਰਨਜੀਤ ਸੱਲ੍ਹਾ)** : ਡਾ ਅੰਬੇਡਕਰ ਬੁੱਧਿਸਟ ਟਰੱਸਟ ਬੰਗਾ ਦੀ ਮੀਟਿੰਗ ਪ੍ਰਧਾਨ ਡਾ ਕਸ਼ਮੀਰ ਚੰਦ ਜੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਭਾਰਤੀ ਸੰਵਿਧਾਨ ਦੇ ਨਿਰਮਾਤਾ , ਕਰੋੜਾਂ ਲੋਕਾਂ ਦੇ ਮਸੀਹਾ , ਭਾਰਤੀ ਨਾਰੀ ਦੇ ਮੁਕਤੀ ਦਾਤਾ , ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਖਿਲਾਫ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਭਾਰਤੀ ਸੰਵਿਧਾਨ ਦੀ 75ਵੀਂ ਵਰੇਗੰਢ ਤੇ ਬੋਲਦਿਆਂ ਜੋ ਟਿੱਪਣੀ ਕੀਤੀ ਗਈ ਸੀ ਜੋ ਉਨ੍ਹਾਂ ਦੀ ਬਾਬਾ ਸਾਹਿਬ ਜੀ ਦੇ ਖਿਲਾਫ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ ਜਿਸ ਨਾਲ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਦੇਸ਼ ਵਿਦੇਸ਼ਾਂ ਵਿੱਚ ਵਸਦੇ ਕਰੋੜਾਂ ਅਨੁਆਈਆਂ ਦੇ ਦਿਲਾਂ ਨੂੰ ਠੇਸ ਪਹੁੰਚਾਇਆ ਹੈ ਦੀ ਟਰੱਸਟ ਨੇ ਕੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਨਿੰਦਿਆ ਮਤਾ ਪਾਇਆ ਅਤੇ ਮੰਗ ਕੀਤੀ ਹੈ ਕਿ ਅਮਿਤ ਸ਼ਾਹ ਨੂੰ ਬਾਬਾ ਸਾਹਿਬ ਦੇ ਕਰੋੜਾਂ ਅਨੁਆਈਆਂ ਤੇ ਦੇਸ਼ ਵਾਸੀਆਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਮੀਟਿੰਗ ਵਿੱਚ ਟਰੱਸਟ ਦੇ ਪ੍ਰਧਾਨ ਡਾ ਕਸ਼ਮੀਰ ਚੰਦ ਤੋਂ ਇਲਾਵਾ ਡਾ ਸੁਖਵਿੰਦਰ ਹੀਰਾ , ਡਾ ਅਮਰੀਕ ਸਿੰਘ , ਕਾਨੂੰਗੋ ਦਵਿੰਦਰ ਸਿੰਘ , ਨਿਰਮਲ ਸੱਲਣ , ਪ੍ਰਕਾਸ਼ ਚੰਦ ਬੈਂਸ , ਵਿਜੇ ਕੁਮਾਰ ਭੱਟ, ਡਾ ਅਜੇ ਬਸਰਾ ਅਤੇ ਹਰਜਿੰਦਰ ਲੱਧੜ ਆਦਿ ਹਾਜ਼ਰ ਸਨ।

## ਲੱਬੇ ਸਮੇਂ ਤੋਂ ਬਾਅਦ ਬਸਪਾ ਨੇ ਕੋਪਾਰੇਸਨ ਦੀਆਂ ਚੋਣਾਂ ਵਿੱਚ ਬਸਪਾ ਚੜ੍ਹਦੀ ਕਲਾ ਵੱਲ ਕਦਮ ਪੁੱਟੇ - ਐਡਵੋਕੇਟ ਕਰੀਮਪੁਰੀ




**ਬੰਗਾ ( ਚਰਨਜੀਤ ਸੱਲ੍ਹਾ)** ਲੰਬੇ ਸਮੇਂ ਤੋਂ ਬਾਅਦ ਬਸਪਾ ਨੇ ਕੈਪਾਰੇਸਨ ਦੀਆਂ ਚੋਣਾਂ ਵਿੱਚ ਬਸਪਾ ਪੰਜਾਬ ਨੇ ਚੜ੍ਹਦੀਕਲਾ ਵੱਲ ਕਦਮ ਪੁੱਟੇ ਜਿਸ ਉੱਤੇ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਨੇ ਮੁਬਾਰਕਵਾਦ ਦਿੰਦੇ ਹੋਏ 2027 ਲਈ ਇਹ ਇੱਕ ਵਧੀਆ ਕਦਮ ਹੈ ਜਿਨ੍ਹਾਂ ਵਿੱਚ ਫਗਵਾੜਾ ਤੋਂ ਤਿੰਨ ਸੀਟਾਂ ਜਿੱਤੀਆਂ, ਭੋਗਪੁਰ ਤੋਂ ਦੋ ਸੀਟਾਂ, ਗੁਰਾਇਆ,ਮਾਨਸਾ, ਬਲਾਚੌਰ ਅਤੇ ਜਲੰਧਰ ਤੋਂ ਸੀਟਾਂ ਤੇ ਜਿੱਤ ਪ੍ਰਾਪਤ ਕਰਕੇ ਪਾਰਟੀ ਨੂੰ ਦੁਬਾਰਾ ਤੋਂ ਸਫਲਤਾ ਦਿਵਾਉਣ ਲਈ ਇੱਕ ਚੰਗਾ ਕਦਮ ਹੈ ਜਿਸ ਨਾਲ ਪਾਰਟੀ ਦੇ ਸੁਨਹਿਰੀ ਅੱਖਰਾਂ ਵਿੱਚ ਨਾਂ ਲਿਖਿਆ ਜਾਣਾ ਹੈ ਇਸ ਲਈ ਪਾਰਟੀ ਦੇ ਸੀਨੀਅਰ ਆਗੂਆਂ, ਵਰਕਰਾਂ ਅਤੇ ਉਮੀਦਵਾਰ ਵਧਾਈ ਦੇ ਹੱਕਦਾਰ ਹਨ। ਸੀਨੀਅਰ ਲੀਡਰਸ਼ਿਪ ਨੂੰ ਲੱਖ ਲੱਖ ਵਧਾਈ ਹੋਵੇ।

## ਯੋਧੇ ਸੂਰਮੇ ਗੀਤ ਹੋਇਆ ਰਿਲੀਜ਼




**ਬੰਗਾ (ਚਰਨਜੀਤ ਸੱਲ੍ਹਾ )** ਜਿਲ੍ਹਾ ਤਰਨ ਤਾਰਨ ਦੇ ਪਿੰਡ ਦੋਦੇ ਦੇ ਵਸਨੀਕ ਸਿੰਗਰ ਦਲਜੀਤ ਦੋਦੇ ਵੱਲੋਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ ਤੇ ਸ਼ਹੀਦੀ ਦਿਹਾੜਿਆਂ ਨੂੰ ਸਮ੍ਰਪਿਤ ਸ਼ਬਦ। ਯੋਧੇ ਸੂਰਮੇ ਲਿਖਿਆ ਤੇ ਗਾਇਆ ਗਿਆ ਹੈ ਜੀ ਜਿਸ ਦਾ ਸੰਗੀਤ ਹੈਰੀਸ਼ਰਨ ਕੰਪਨੀ ਦਲੇਰਾਂ ਢਿੱਲੋਂ ਵੱਲੋਂ ਤਿਆਰ ਕੀਤਾ ਗਿਆ ਹੈ ਜੀ ਜੋਂ ਕੇ ਫੁੱਲ ਸ਼ਬਦ ਫਰੈਸ਼ਰ ਰਿਕਾਰਡਿੰਗ ਕੰਪਨੀ ਵੱਲੋਂ 21 ਤਰੀਕ ਨੂੰ ਰਲੀਜ ਕੀਤਾ ਗਿਆ ਹੈ ਜੀ। ਯੋਧੇ ਸੂਰਮੇ ਸ਼ਬਦ ਵੱਧ ਪੰਜਾਬ ਦਾ ਇਤਿਹਾਸ ਦਰਸਾਇਆ ਹੈ ਜੀ ਉਮੀਦ ਕਰਦੇ ਹਾਂ ਕੇ ਆਪ ਸਭ ਦਾ ਪਿਆਰ ਤੇ ਸੰਜੋਗ ਮਿਲੇਗਾ।

## ਬਸਪਾ ਦਾ ਦੇਸ਼ ਵਿਆਪੀ ਅੰਦੋਲਨ ਮੀਲ ਪੱਥਰ ਸਾਬਤ ਹੋਵੇਗਾ: ਚੌਹਾਨ

**ਬੰਗਾ( ਚਰਨਜੀਤ ਸੱਲ੍ਹਾ )** ਭਾਰਤੀ ਜਨਤਾ ਪਾਰਟੀ ਦੇ ਅਮਿਤ ਸ਼ਾਹ ਵੱਲੋਂ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਖਿਲਾਫ ਕੀਤੀ ਟਿੱਪਣੀ ਨੇ, ਬਾਬਾ ਸਾਹਿਬ ਨੂੰ ਮੰਨਣ ਵਾਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ। ਜਿਸ ਦਾ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਭੈਣ ਕੁਮਾਰੀ ਮਾਇਆਵਤੀ ਨੇ ਬਾਬਾ ਸਾਹਿਬ ਦੇ ਸਤਿਕਾਰ ਨੂੰ ਧਿਆਨ ਵਿੱਚ ਰੱਖਦੇ ਹੋਏ 24 ਦਸੰਬਰ ਨੂੰ ਦੇਸ਼ ਵਿਆਪੀ ਜਿਲਾ ਪੱਧਰੀ ਅੰਦੋਲਨ ਦਾ ਐਲਾਨ ਕੀਤਾ ਹੈ।ਜਿਸ ਨੂੰ ਕਾਮਯਾਬ ਬਣਾਉਣ ਲਈ ਬਸਪਾ ਦੇ ਸਾਬਕਾ ਇੰਚਾਰਜ ਮੱਖਣ ਨਾਲ ਚੌਹਾਨ ਅਤੇ ਵਿਜੇ ਮਜਾਰੀ ਨੇ ਅਲੱਗ ਅਲੱਗ ਪਿੰਡਾਂ,ਕਸਬਿਆਂ ਵਿੱਚ ਜਾ ਕੇ ਸਮਰਥਕਾਂ ਨੂੰ ਇਸ ਅੰਦੋਲਨ ਨੂੰ ਕਾਮਯਾਬ ਬਣਾਉਣ ਲਈ ਨੁੱਕੜ ਮੀਟਿੰਗਾਂ ਕੀਤੀਆਂ। ਇਸ ਅੰਦੋਲਨ ਨਾਲ ਬਹੁਜਨ ਸਮਾਜ ਵਿੱਚ ਇੱਕ ਨਵੀਂ ਚੇਤਨਤਾ ਪੈਦਾ ਹੋਵੇਗੀ।ਜਿੱਥੇ ਵਰਕਰਾਂ ਵਿੱਚ ਇਸ ਅੰਦੋਲਨ ਨੂੰ ਕਾਮਯਾਬ ਬਣਾਉਣ ਲਈ ਭਾਰੀ ਉਤਸਾਹ ਹੈ, ਉਥੇ ਭਾਜਪਾ ਦੇ ਅਮਿਤ ਸ਼ਾਹ ਦੇ ਖਿਲਾਫ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਇਸ ਮੌਕੇ ਮਨਜੀਤ ਸਿੰਘ ਮਜਾਰੀ,ਸੋਮਨਾਥ, ਹਰਮੇਲ ਸਿੰਘ ਰਟੈਂਡਾ,ਜੈ ਸਿੰਘ ਹਕੀਮਪੁਰ, ਸਤਨਾਮ ਸਿੰਘ, ਲਖਵਿੰਦਰ ਸਿੰਘ, ਜਸਪਾਲ ਸਿੰਘ, ਰਾਮਲੁਬਾਇਆ,ਰਜਿੰਦਰ ਕੁਮਾਰ ਮੂਸਾਪੁਰੀ,ਕੇਵਲ ਰਾਮ ਆਦਿ ਹਾਜ਼ਰ ਰਹੇ।

# ਏਕ ਨੂਰ ਸਵੈਂ ਸੇਵੀ ਸੰਸਥਾ ਪਠਲਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮੀਟਿੰਗ ਹੋਈ

**ਬੰਗਾ( ਚਰਨਜੀਤ ਸੱਲ੍ਹਾ )** ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਇਕ ਅਹਿਮ ਮੀਟਿੰਗ ਸੰਸਥਾ ਦੈ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਜੀ ਦੀ ਪ੍ਰਧਾਨਗੀ ਹੇਠ ਹੋਈ ,ਜਿਸ ਵਿਚ ਕਿਸਾਨ ਆਗੂ ਸ ਜਗਜੀਤ ਸਿੰਘ ਡੱਲੇਵਾਲ ਦੀ ਵਰਤਮਾਨ ਨਾਜਕ ਸੇਹਤ ਸਥਿਤੀ ਤੇ ਚਿੰਤਾ ਜ਼ਾਹਿਰ ਕਰਦਿਆ ਸ ਇੰਦਰਜੀਤ ਸਿੰਘ ਵਾਰੀਆ ,ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ, ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ, ਜਥੇਦਾਰ ਸਵਰਨਜੀਤ ਸਿੰਘ ਪਠਲਾਵਾ ਮੂਖੀ ਧਾਰਮਿਕ ਵਿੰਗ ।ਜਨ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ ,ਲੈਕਚਰਾਰ ਤਰਸੇਮ ਪਠਲਾਵਾ ਅਤੇ ਪ੍ਰਧਾਨ ਸ ਪ੍ਰਮਜੀਤ ਸਿੰਘ ਸੂਰਾਪੁਰ ਨੇ



ਇਕ ਸਾਂਝੇ ਬਿਆਨ ਵਿਚ ਬੋਲਦਿਆਂ ਆਖਿਆ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ 26 ਨਵੰਬਰ ਤੋਂ ਭੁੱਖ ਹੜਤਾਲ ਤੇ ਬੈਠੇ ਕਿਸਾਨ ਆਗੂ ਸ ਜਗਜੀਤ ਸਿੰਘ ਡੱਲੇਵਾਲ ਦੀ ਸੇਹਤ ਬੇਹੱਦ ਨਾਜ਼ੁਕ ਬਣੀ ਹੋਈ ਹੈ। ਇਸ ਲਈ ਕੇਂਦਰ ਅਤੇ ਪੰਜਾਬ ਦੀਆ ਸਰਕਾਰਾਂ ਨੂੰ ਤੁਰੰਤ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਪ੍ਰਵਾਨ ਕਰਦਿਆਂ ਖੁੱਲ ਦਿਲੀ ਦਿਖਾਉਣੀ ਚਾਹੀਦੀ ਹੈਂ। ਪਰ ਦੁਖ ਇਸ ਗੱਲ ਦਾ ਹੈ ਕਿ ਦੋਨੋਂ ਸਰਕਾਰਾਂ ਕਿਸਾਨੀ ਮਸਲਿਆਂ ਤੇ ਗੰਭੀਰ ਨਹੀ ਹਨ। ਉਹਨਾਂ ਕਿਹਾ ਕਿ ਜੇਕਰ ਸ ਜਗਜੀਤ ਸਿੰਘ ਡੱਲੇਵਾਲ ਦੀ ਸੇਹਤ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਨਾਲ ਪੰਜਾਬ ਸਮੇਤ ਪੂਰੇ ਦੇਸ਼ ਦੇ ਕਿਸਾਨਾਂ ਵਿਚ ਬੁਹਤ ਵੱਡਾ ਰੋਹ ਪੈਂਦਾ ਹੋ ਜਾਵੇਗਾ । ਜਿਸਦਾ ਦੇਸ਼ ਦੀ ਕਾਨੂੰਨ ਵਿਵਸਥਾ ਤੇ ਵੀ ਬੂਰਾ ਅਸਰ ਪੈ ਸਕਦਾ ਹੈ । ਇਸ ਲਈ ਮੌਕੇ ਦੀਆਂ ਹਾਕਿਮ ਸਰਕਾਰਾਂ ਨੂੰ ਦੇਸ਼ ਦੇ ਅੰਨ ਦਾਤਾ , ਕਿਸਾਨਾ ਦੀਆਂ ਹੱਕੀ ਮੰਗਾਂ ਨੂੰ ਮੰਨ ਲੈਣਾ ਚਾਹੀਦਾ ਹੈ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ ਆਤਮਾਂ ਸਿੰਘ ਸੂਰਾਪੁਰ, ਪ੍ਰੋ ਚਰਨਜੀਤ ਸਿੰਘ ਪੋਸੀ, ਸ ਬਲਵੀਰ ਸਿੰਘ ਯੂ ਕੇ, ਅਮਰਜੀਤ ਸਿੰਘ ਸੂਰਾਪੁਰ,ਸੰਦੀਪ ਕੁਮਾਰ ਗੌੜ,ਮਾ ਰਮੇਸ਼ ਕੁਮਾਰ ਪਠਲਾਵਾ, ਹਰਜੀਤ ਸਿੰਘ ਜੀਤਾ, ਮਾ ਸੁਰਿੰਦਰ ਸਿੰਘ ਕਰਮ,ਜੀ ਚੰਨੀ ਪਠਲਾਵਾ, ਸਤੀਸ਼ ਕੁਮਾਰ ਐਮਾਂ ਜਟਾਂ, ਡਾ ਕੁਲਦੀਪ ਰਾਜ ਬੰਗਾ, ਰਜਿੰਦਰ ਸਿੰਘ ਜਿੰਦਾ ਹਾਜਿਰ ਸਨ।

## ਬਿਨਾਂ ਲਾਇਸੈਂਸ ਤੋਂ ਦਵਾਈਆਂ ਵੇਚਣ ਵਾਲਿਆਂ ਨੂੰ 3 ਸਾਲ ਦੀ ਕੈਦ ਅਤੇ 1 ਲੱਖ ਰੁਪਏ ਜੁਰਮਾਨਾ ਹੋ ਸਕਦਾ ਹੈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨਸ਼ਾ ਅਤੇ ਕਾਸਮੈਟਿਕ ਐਕਟ 1940 ਤਹਿਤ ਬਿਨਾਂ ਲਾਇਸੈਂਸ ਤੋਂ ਦਵਾਈਆਂ ਵੇਚਣ ਵਾਲੇ ਹੁਸ਼ਿਆਰਪੁਰ ਦੇ ਇੱਕ ਡਰੱਗ ਡੀਲਰ ਨੂੰ ਮਾਣਯੋਗ ਐਡੀਸ਼ਨਲ ਸੈਸ਼ਨ ਜੱਜ, ਹੁਸ਼ਿਆਰਪੁਰ ਦੀ ਅਦਾਲਤ ਨੇ 3 ਸਾਲ ਦੀ ਕੈਦ ਅਤੇ 1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜ਼ੋਨਲ ਲਾਇਸੈਂਸਿੰਗ ਅਥਾਰਟੀ ਸ੍ਰੀ ਬਲਰਾਮ ਲੂਥਰਾ ਨੇ ਦੱਸਿਆ ਕਿ ਕਥਿਤ ਦੋਸ਼ੀ ਹੁਸ਼ਿਆਰਪੁਰ ਵਿਖੇ ਬਿਨਾਂ ਦਵਾਈ ਲਾਇਸੈਂਸ ਤੋਂ ਦਵਾਈਆਂ ਵੇਚਦਾ ਪਾਇਆ ਗਿਆ ਅਤੇ ਉਹ ਦਵਾਈ ਦੇ ਬਿੱਲ ਨਹੀਂ ਦਿਖਾ ਸਕਿਆ ਙ ਜਿਸ ਕਾਰਨ ਸਾਲ 2015 ਵਿੱਚ ਡਰੱਗ ਐਂਡ ਕਾਸਮੈਟਿਕ ਐਕਟ ਤਹਿਤ ਵਿਭਾਗੀ ਕਾਰਵਾਈ ਕਰਕੇ ਉਸ ਦੀਆਂ ਦਵਾਈਆਂ ਜ਼ਬਤ ਕਰ ਲਈਆਂ ਗਈਆਂ ਸਨ। ਸ੍ਰੀ



ਬਲਰਾਮ ਲੂਥਰਾ ਨੇ ਕਿਹਾ ਕਿ ਜੇਕਰ ਕੋਈ ਦਵਾਈ ਵਿਕਰੇਤਾ ਬਿਨਾਂ ਲਾਇਸੈਂਸ ਤੋਂ ਦਵਾਈਆਂ ਵੇਚਦਾ ਪਾਇਆ ਗਿਆ ਜਾਂ ਡਰੱਗ ਐਂਡ ਕਾਸਮੈਟਿਕ ਐਕਟ ਦੀ ਉਲੰਘਣਾ ਕਰਦਾ ਪਾਇਆ ਗਿਆ ਜਾਂ ਗੈਰ-ਕਾਨੂੰਨੀ ਢੰਗ ਨਾਲ ਦਵਾਈਆਂ ਦਾ ਕਾਰੋਬਾਰ ਕਰਦਾ ਫੜਿਆ ਗਿਆ ਜਾਂ ਨਸ਼ੇ ਨਾਲ ਸਬੰਧਤ ਦਵਾਈਆਂ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਉਸ ਵਿਰੁੱਧ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੇ ਦਵਾਈ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੀਆਂ ਦਵਾਈਆਂ ਦੀ ਖਰੀਦ ਅਤੇ ਵਿਕਰੀ ਦਾ ਰਿਕਾਰਡ ਰੱਖਣ ਅਤੇ ਡਰੱਗ ਐਂਡ ਕਾਸਮੈਟਿਕ ਐਕਟ ਦੇ ਨਿਯਮਾਂ ਦੀ ਪਾਲਣਾ ਕਰਨ। ਅਜਿਹਾ ਨਾ ਕਰਨ ਵਾਲਿਆਂ ਖਿਲਾਫ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

# ਤੁਹਾਡੀਆਂ ਦਾਨ ਕੀਤੀਆਂ ਅੱਖਾਂ ਕਿਸੇ ਲਈ ਵਰਦਾਨ ਤੋਂ ਘੱਟ ਨਹੀਂ ਹੋ ਸਕਦੀਆਂ - ਭਾਈ ਮਸੀਤੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸੰਸਾਰ ਵਿੱਚ ਉਹ ਲੋਕ ਮਹਾਨ ਹੁੰਦੇ ਹਨ ਜੋ ਮਰ ਕੇ ਵੀ ਮਨੁਖਤਾ ਦੀ ਭਲਾਈ ਕਰਦੇ ਹਨ, ਸਰੀਰ ਦਾਨ, ਅੰਗਦਾਨ ਸਭ ਤੋਂ ਉੱਤਮ ਦਾਨ ਹੈ। ਜੋ ਆਪ ਜੀ ਦੁਆਰਾ ਦਾਨ ਕੀਤਾ ਗਿਆ ਨੇਤਰਦਾਨ ਬਣ ਸਕਦਾ ਹੈ ਕਿਸੇ ਨੇਤਰਹੀਣ ਵਿਅਕਤੀਆ ਲਈ ਵਰਦਾਨ ਹੈ ।ਕਿਉਂਕਿ ਮੌਤ ਜੀਵਨ ਦੀ ਸੱਚਾਈ ਹੈ, ਅਸੀਂ ਜਿਉਣ ਲਈ ਪੈਦਾ ਹੋਏ ਹਾ, ਤੇ ਮੌਤ ਵੀ ਸੱਚ ਹੈ, ਜੋ ਜੀਵਨ ਮਿਲਿਆ ਹੈ ਉਸ ਦਾ ਅੰਤ ਇੱਕ ਨਾ ਇੱਕ ਦਿਨ ਹੋਣਾ ਹੈ,ਇਹ ਗੱਲਾ ਕਹੀਆਂ ਆਈ ਡੋਨਰ ਇੰਚਾਰਜ ਟਾਂਡਾ ਸਟੇਟ ਅਵਾਰਡੀ ਭਾਈ ਵਰਿੰਦਰ ਸਿੰਘ ਮਸੀਤੀ ਨੇ, ਉਹਨਾਂ ਦਾ ਕਹਿਣਾ ਹੈ ਕਿ ਮਨੁੱਖ ਨੂੰ ਆਪਣੀ ਇਛਾ ਅਨੁਸਾਰ ਮਨੁਖਤਾ ਦੇ ਭਲੇ ਲਈ ਜਿਉਂਦੇ ਜੀ ਰਕਤ ਦਾਨ ਕਰਨਾ ਚਾਹੀਦਾ ਹੈ ਤੇ ਮਰਨ ਉਪਰੰਤ ਸਰੀਰ ਦਾਨ,ਅੰਗਦਾਨ ਤੇ ਨੇਤਰ ਦਾਨ ਕਰਨੇ ਚਾਹੀਦੇ ਹਨ। ਮੌਤ ਤੋ ਬਾਅਦ ਮ੍ਰਿਤਕ ਦੇਹ ਡਾਕਟਰੀ ਖੋਜਾਂ ਲਈ ਤੇ ਸਰੀਰ ਦੇ ਹੋਰ ਅੰਗ ਜਿਨ੍ਹਾਂ ਲੋਕਾਂ ਦੇ ਅੰਗ ਜਬਾਬ ਦੇ ਚੁੱਕੇ ਹਨ ਉਨਾ ਨੂੰ ਦਾਨ ਕੀਤੇ ਜਾਣੇ ਚਾਹੀਦੇ ਹਨ ਜਿਸ ਨਾਲ ਲੋੜਵੰਦ ਵਿਅਕਤੀਆਂ ਨੂੰ ਨਵਾ ਜੀਵਨ ਮਿਲ ਸਕਦਾ ਹੈ।ਉਨਾਂ ਆਖਿਆ ਕਿ ਸਾਡੀ ਮੌਤ ਤੋ ਬਾਅਦ ਸਾਡੀਆਂ ਦੋ ਅੱਖਾਂ ਤੇ ਸਰੀਰ ਦੇ ਅੰਗ ਕਿਸੇ ਲੋੜਵੰਦ ਵਿਅਕਤੀ ਦੀ ਜਿੰਦਗੀ ਬਚਾਉਣ ਵਿੱਚ ਸਹਾਈ ਹੋ ਸਕਦੇ ਹਨ।ਉਨਾ ਲੋਕਾਂ ਨੂੰ ਅਪੀਲ ਕਰਦਿਆਂ ਆਖਿਆ ਕਿ ਉਹ ਨੇਤਰਦਾਨ ਅਸੋਸੀਏਸ਼ਨ ਹੁਸ਼ਿਆਰਪੁਰ ਦੀ ਇਸ ਮੁਹਿਮ ਦਾ ਹਿੱਸਾ ਬਣਨ ਤੇ ਲੋਕਾਂ ਦੀ ਜ਼ਿੰਦਗੀ ਬਚਾਉਣ ਵਿੱਚ ਆਪਣਾ ਯੋਗਦਾਨ ਪਾਉਣ।

# ਹਰ ਸਾਲ ਬਲੱਡ ਕੈਂਸਰ ਦੇ 1.17 ਲੱਖ ਨਵੇਂ ਕੇਸ ਹੋਣ ਦੀ ਸੰਭਾਵਨਾ - ਡਾ ਪ੍ਰਿਯਾਂਸ਼ੂ ਚੌਧਰੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਬੋਨ ਮੈਰੋ ਟ੍ਰਾਂਸਪਲਾਂਟ ਵਿੱਚ ਖਰਾਬ ਜਾਂ ਬਿਮਾਰ ਸਟੈਮ ਸੈੱਲਾਂ ਨੂੰ ਸਿਹਤਮੰਦ ਸਟੈਮ ਸੈੱਲਾਂ ਨਾਲ ਬਦਲਿਆ ਜਾਂਦਾ ਹੈ। ਇਹ ਗੁੰਝਲਦਾਰ ਪ੍ਰਕਿਰਿਆ ਭਾਰਤ ਵਿੱਚ ਬਹੁਤ ਘੱਟ ਹਸਪਤਾਲਾਂ ਵਿੱਚ ਕੀਤੀ ਜਾਂਦੀ ਹੈ, ਭਾਵੇਂ ਕਿ ਭਾਰਤ ਵਿੱਚ ਬੋਨ ਮੈਰੋ ਟ੍ਰਾਂਸਪਲਾਂਟ ਦੀ ਸਫਲਤਾ ਦਰ ਅੰਤਰਰਾਸ਼ਟਰੀ ਮਾਪਦੰਡਾਂ ਦੇ ਬਰਾਬਰ ਹੈ।" ਲਿਵਾਸਾ ਹਸਪਤਾਲ ਦੇ ਸੀਨੀਅਰ ਕੰਸਲਟੈਂਟ ਹੇਮਾਟੋਲੋਜਿਸਟ ਅਤੇ ਬੋਨ ਮੈਰੋ ਟਰਾਂਸਪਲਾਂਟ ਫਿਜ਼ੀਸ਼ੀਅਨ ਡਾ ਮੁਕੇਸ਼ ਚਾਵਲ ਨੇ ਦੱਸਿਆ ਕਿ ਅਮਰੀਕਾ ਅਤੇ ਚੀਨ ਤੋਂ ਬਾਅਦ ਭਾਰਤ ਹੈਮਾਟੋਲੋਜੀਕਲ ਕੈਂਸਰ ਦੇ ਮਾਮਲੇ ਵਿੱਚ ਦੁਨੀਆ ਵਿੱਚ ਤੀਜੇ ਨੰਬਰ 'ਤੇ ਹੈ। ਭਾਰਤ ਵਿੱਚ ਹਰ ਸਾਲ ਬਲੱਡ ਕੈਂਸਰ ਦੇ 1.17 ਲੱਖ ਨਵੇਂ ਕੇਸ ਸਾਹ-ਮਣੇ ਆਉਣ ਦੀ ਸੰਭਾਵਨਾ ਹੈ । ਡਾਇਰੈਕਟਰ ਮੈਡੀਕਲ ਓਨਕੋਲੋਜੀ ਡਾਜਤਿਨ ਸਰੀਨ ਨੇ ਕਿਹਾ, "ਬੋਨ ਮੈਰੋ ਟ੍ਰਾਂਸਪਲਾਂਟ ਨੂੰ ਆਮ ਤੌਰ 'ਤੇ ਕੁਝ ਕਿਸਮਾਂ ਦੇ ਕੈਂਸਰ ਦੇ ਨਾਲ-ਨਾਲ ਕੁਝ ਹੋਰ ਬਿਮਾਰੀਆਂ ਦੇ ਹੱਲ ਵਜੋਂ ਪੇਸ਼ ਕੀਤਾ ਜਾਂਦਾ ਹੈ ਜੋ ਖੂਨ ਦੇ ਸੈੱਲਾਂ ਦੇ ਉਤਪਾਦਨ ਨੂੰ ਪ੍ਰਭਾਵਤ ਕਰਦੇ ਹਨ।ਅਮਰੀਕਾ ਦੇ ਹਰ ਵੱਡੇ ਸ਼ਹਿਰ ਵਿੱਚ 2-3 ਬੋਨ ਮੈਰੋ ਟ੍ਰਾਂਸਪਲਾਂਟ ਸੈਂਟਰ ਹਨ। ਇਸ ਦੇ ਮੁਕਾਬਲੇ, ਭਾਰਤ, ਜਿੱਥੇ ਇਸਦੀ ਆਬਾਦੀ ਪੰਜ ਗੁਣਾ ਹੈ, ਸਿਰਫ ਕੁਝ ਹੀ ਹਸਪਤਾਲ ਹਨ ਜੋ ਬੋਨ ਮੈਰੋ ਟ੍ਰਾਂਸਪਲਾਂਟ ਦੀ ਪੇਸ਼ਕਸ਼ ਕਰਦੇ ਹਨ, ਵਿਡੰਬਨਾ ਇਹ ਹੈ ਕਿ 140 ਕਰੋੜ ਦੀ ਆਬਾਦੀ ਵਾਲੇ ਦੇਸ਼ ਵਿੱਚ ਬਹੁਤ ਘੱਟ ਸਿਖਲਾਈ ਪ੍ਰਾਪਤ ਬੋਨ ਮੈਰੋ ਟ੍ਰਾਂਸਪਲਾਂਟ ਮਾਹਰ ਹਨ।"ਮੈਡੀਕਲ ਔਨਕੋਲੋਜਿਸਟ ਡਾ ਪ੍ਰਿਯਾਂਸ਼ੂ ਚੌਧਰੀ ਨੇ ਕਿਹਾ ਕਿ ਬੋਨ ਮੈਰੋ ਟਰਾਂਸਪਲਾਂਟ ਹੀ ਇੱਕ ਅਜਿਹਾ ਇਲਾਜ ਹੈ ਜਿਸ ਦੇ ਨਤੀਜੇ ਵਜੋਂ ਰਿਫ੍ਰੈਕਟਰੀ ਬਲੱਡ ਕੈਂਸਰ ਦੇ ਮਰੀਜ਼ਾਂ ਦਾ ਲੰਬੇ ਸਮੇਂ ਤੱਕ ਬਚਾਅ ਹੋ ਸਕਦਾ ਹੈ।"ਭਾਰਤ ਵਿੱਚ ਲਗਭਗ 65000-67000 ਥੈਲੇਸੀਮੀਆ ਦੇ ਮੁੱਖ ਮਰੀਜ਼ ਹਨ ਅਤੇ ਹਰ ਸਾਲ ਭਾਰਤ ਵਿੱਚ ਥੈਲੇਸੀਮੀਆ ਦੇ 9000-10000 ਨਵੇਂ ਕੇਸਾਂ ਦੀ ਜਾਂਚ ਕੀਤੀ ਜਾਂਦੀ ਹੈ। ਥੈਲੇਸੀਮੀਆ ਦੇ ਮਾਮਲਿਆਂ ਵਿੱਚ ਬੋਨ ਮੈਰੋ ਟ੍ਰਾਂਸਪਲਾਂਟ ਤਰਜੀਹੀ ਇਲਾਜ ਹੈ।ਬੋਨ ਮੈਰੋ ਟ੍ਰਾਂਸਪਲਾਂਟ ਪ੍ਰਕਿਰਿਆ ਵਿੱਚ, ਬਿਮਾਰ ਜਾਂ ਖਰਾਬ ਬੋਨ ਮੈਰੋ ਨੂੰ ਸਿਹਤਮੰਦ ਬੋਨ ਮੈਰੋ ਨਾਲ ਬਦਲਿਆ ਜਾਂਦਾ ਹੈ, ਆਮ ਤੌਰ 'ਤੇ ਖੂਨ ਦੇ ਰਿਸ਼ਤੇਦਾਰਾਂ ਜਿਵੇਂ ਕਿ ਭਰਾਵਾਂ/ਭੈਣਾਂ ਅਤੇ ਮਾਪਿਆਂ ਤੋਂ।ਲਿਵਾਸਾ ਹਸਪਤਾਲ ਬੋਨ ਮੈਰੋ ਟਰਾਂਸਪਲਾਂਟ ਸੇਵਾਵਾਂ ਦੀ ਪੂਰੀ ਸ਼੍ਰੇਣੀ ਦੀ ਪੇਸ਼ਕਸ਼ ਕਰਨ ਜਾ ਰਿਹਾ ਹੈ ਜਿਸ ਵਿੱਚ ਆਟੋਲੋਗਸ ਅਤੇ ਐਲੋਜੇਨਿਕ ਟ੍ਰਾਂਸਪਲਾਂਟ ਇੱਕ ਛੱਤ ਹੇਠ ਸ਼ਾਮਲ ਹਨ। ਇਸ ਨਾਲ ਹਰਿਆਣਾ, ਹਿਮਾਚਲ ਅਤੇ ਪੰਜਾਬ ਦੇ ਮਰੀਜ਼ਾਂ ਨੂੰ ਕਾਫੀ ਫਾਇਦਾ ਹੋਵੇਗਾ। ਲਿਵਾਸਾ ਹਰਿਆਣਾ ਸਰਕਾਰ, ਹਿਮਾ-ਚਲ ਸਰਕਾਰ, ਸੀਜੀਐਚਐਸ ਅਤੇ ਸਾਰੇ ਪ੍ਰਮੁੱਖ ਟੀਪੀਏ ਅਤੇ ਕਾਰਪੋਰੇਟਸ ਦੀ ਸੂਚੀ ਵਿੱਚ ਵੀ ਸ਼ਾਮਲ ਹੈ ਜਿੱਥੇ ਮਰੀਜ਼ ਲਿਵਾਸਾ ਵਿਖੇ ਹਰ ਕਿਸਮ ਦੇ ਕੈਂਸਰ ਦੇ ਇਲਾਜ ਲਈ ਨਕਦ ਰਹਿਤ ਇਲਾਜ/ਮੁਆਵਜ਼ਾ ਪ੍ਰਾਪਤ ਕਰ ਸਕਦੇ ਹਨ।

# ਕਿਸੀ ਪਹਿਚਾਨ ਦੇ ਮੋਹਤਾਜ ਨਹੀਂ ਕਬੱਡੀ ਪ੍ਰਮੋਟਰ ਸਰਦਾਰ ਹਰਵਿੰਦਰ ਸਿੰਘ ਲੱਡੂ



**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਜਹਾਂਗੀਰ ਇਹ ਉਹ ਇਨਸਾਨ ਆ ਜਿਸ ਨੇ ਅਨੇਕਾ ਕਬੱਡੀ ਖਿਡਾਰੀਆਂ ਦੇ ਸਨਮਾਨ ਕਰ ਦਿੱਤੇ ਅਤੇ ਅਨੇਕਾਂ ਬੁਲਰਿਆ ਦੇ ਸਨਮਾਨ ਕਰ ਦਿੱਤੇ ਹਰ ਇੱਕ ਉਹ ਇਨਸਾਨ ਦਾ ਸਨਮਾਨ ਕੀਤਾ ਜੋ ਕਬੱਡੀ ਨਾਲ ਜੁੜਿਆ ਹੋਇਆ ਤੇ ਜੋ ਲੋੜਵੰਦ ਆ ਙ ਵਾਹਿਗੁਰੂ ਜੀ ਮਿਹਰ ਸਦਕਾ ਇਹਨਾ ਦੇ ਕੰਮ ਬੋਲਦੇ ਆ ਙ ਇਹਨਾ ਦਾ ਨਾਮ ਬੋਲਦਾ ਙ ਬਹੁਤ ਘੱਟ ਇਸ ਤਰਾਂ ਦੇ ਇਨਸਾਨ ਹੁੰਦੇ ਆ ਜੋ ਹਰ ਇੱਕ ਨਾਲ ਖੜਦੇ ਆ। ਵਾਹਿਗੁਰੂ ਜੀ ਇਹਨਾ ਨੂੰ ਚੜਦੀ ਕਲਾਂ ਵਿੱਚ ਰੱਖਣ ਹਮੇਸ਼ਾ।

# ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਸਿੱਖਿਆ ਦੇ ਖੇਤਰ ਵਿੱਚ ਉਤਕ੍ਰਿਸ਼ਟ ਕੰਮ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਅਧਿਆਪਕਾਂ ਅਤੇ ਅਧਿਕਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਸਿੱਖਿਆ ਦੀ ਮਹੱਤਤਾ ਅਤੇ ਇਸ ਦੀ ਗੁਣਵੱਤਾ ਵਿੱਚ ਸੁਧਾਰ ਲਈ ਆਪਣੇ ਵਚਨ ਨੂੰ ਦੁਹਰਾਇਆ। ਇਹ ਮੌਕਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਵਿੱਚ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਆਇਆ, ਜਿੱਥੇ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੁਖਵਿੰਦਰ ਸਿੰਘ, ਅਧਿਆਪਕ ਰਜਨੀਸ਼ ਕੁਮਾਰ ਗੁਲਿਆਨੀ ਅਤੇ ਅਧਿਆਪਕ ਸਤੀਸ਼ ਕੁਮਾਰ ਨੂੰ ਸਨਮਾਨਿਤ ਕੀਤਾ ਗਿਆ। ਡਾ. ਈਸ਼ਾਂਕ ਕੁਮਾਰ ਨੇ ਆਪਣੇ ਭਾਸ਼ਣ ਦੌਰਾਨ ਕਿਹਾ, "ਸਿੱਖਿਆ ਕਿਸੇ ਵੀ ਸਮਾਜ ਦੀ ਨੀਂਹ ਹੈ। ਸਾਡੇ ਅਧਿਆਪਕਾਂ ਅਤੇ ਸਿੱਖਿਆ ਅਧਿਕਾਰੀਆਂ ਨੇ ਆਪਣੀ ਮਿਹਨਤ ਅਤੇ ਸਮਰਪਣ ਨਾਲ ਇਸ ਨੂੰ ਹੋਰ ਮਜ਼ਬੂਤ ਬਣਾਉਣ ਦਾ ਕੰਮ ਕੀਤਾ ਹੈ। ਉਨ੍ਹਾਂ ਦਾ ਯੋਗਦਾਨ ਨਾਂ ਸਿਰਫ ਵਿਦਿਆਰਥੀਆਂ ਦੇ ਜੀਵਨ ਨੂੰ ਸੰਵਾਰਦਾ ਹੈ, ਸਗੋਂ ਸਾਰੇ ਸਮਾਜ ਨੂੰ ਨਵੀਆਂ ਉੱਚਾਈਆਂ 'ਤੇ ਲੈ ਜਾਉਣ ਦਾ ਰਾਹ ਦਿਖਾਉਂਦਾ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਅਧਿਆਪਕਾਂ ਅਤੇ ਅਧਿਕਾਰੀਆਂ ਦਾ ਸਨਮਾਨ ਕਰਨਾ ਸਿੱਖਿਆ ਅਤੇ ਸਮਾਜ ਪ੍ਰਤੀ ਉਨ੍ਹਾਂ ਦੇ ਯਤਨਾਂ ਨੂੰ ਮੰਨਤਾ ਦੇਣ ਦਾ ਇੱਕ ਛੋਟਾ ਜਿਹਾ ਯਤਨ ਹੈ। ਸਮਾਰੋਹ ਦੌਰਾਨ, ਵਿਧਾਇਕ ਨੇ ਸਿੱਖਿਆ ਦੇ ਖੇਤਰ ਵਿੱਚ ਸਰਕਾਰ ਵਲੋਂ ਚੁੱਕੇ ਗਏ ਵੱਖ-ਵੱਖ ਕਦਮਾਂ ਅਤੇ ਯੋਜਨਾਵਾਂ ਬਾਰੇ ਵੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਸਰਕਾਰ ਸਰਕਾਰੀ ਸਕੂਲਾਂ ਦੀ ਸਾਰ ਸੰਭਾਲ, ਵਿਦਿਆਰਥੀਆਂ ਨੂੰ ਨਵੀਂ ਤਕਨਾਲੋਜੀ ਨਾਲ ਜੋੜਨ ਅਤੇ ਅਧਿਆਪਕਾਂ ਦੀ ਟ੍ਰੇਨਿੰਗ ਲਈ ਲਗਾਤਾਰ ਕੰਮ ਕਰ ਰਹੀ ਹੈ। ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੁਖਵਿੰਦਰ ਸਿੰਘ ਅਤੇ ਹੋਰ ਸਨਮਾਨਿਤ ਅਧਿਆਪਕਾਂ ਨੇ ਇਸ ਮੌਕੇ 'ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਹੋਰ ਵਧੀਆ ਕੰਮ ਕਰਨ ਲਈ ਪ੍ਰੇਰਿਤ ਕਰੇਗਾ। ਉਨ੍ਹਾਂ ਨੇ ਵਿਦਿਆਰਥੀਆਂ ਦੀ ਸਿੱਖਿਆ ਵਿੱਚ ਸੁਧਾਰ ਅਤੇ ਸਮਾਜ ਦੇ ਉਤਥਾਨ ਲਈ ਆਪਣੀ ਵਚਨਬੱਧਤਾ ਦੁਹਰਾਈ। ਸਮਾਰੋਹ ਵਿੱਚ ਸਥਾਨਕ ਗਣਮਾਨਯ ਵਿਅਕਤੀਆਂ, ਮਾਪੇ ਅਤੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ ਅਤੇ ਅਧਿਆਪਕਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ 'ਤੇ ਸਕੂਲ ਦੇ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ, ਜਿਸ ਨਾਲ ਸਮਾਰੋਹ ਹੋਰ ਵੀ ਯਾਦਗਾਰ ਬਣ ਗਿਆ।

**ਫੋਟੋ ਅਜਮੇਰ ਦੀਵਾਨਾ**

# Samaj Weekly ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**